Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਜਨਵਰੀ 2019 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਮਰਦ ਅਗੰਮੜਾ : ਗੁਰੂ ਗੋਬਿੰਦ ਸਿੰਘ



ਐਸੇ ਮਹਾਨ ਮਰਦ ਅਗੰਮੜਾ ਸਤਿਗੁਰੂ ਜੀ ਦਾ ਜਨਮ 22 ਦਸੰਬਰ (ਨਾਨਕਸ਼ਾਹੀ ਕੈਲੰਡਰ ਅਨੁਸਾਰ 5 ਜਨਵਰੀ) ਸੰਨ 1666 ਈ: 'ਚ ਬਿਹਾਰ ਸੂਬੇ ਦੇ ਸ਼ਹਿਰ ਪਟਨਾ ਵਿਖੇ ਹੋਇਆ। ਜਨਮ ਸਮੇਂ ਆਪ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਹਿਤ ਬੰਗਲਾ ਦੇਸ਼ ਦੀ ਰਾਜਧਾਨੀ ਢਾਕੇ ਵਿਖੇ ਸਨ। ਖ਼ਬਰ ਮਿਲਦਿਆਂ ਸਾਰ ਹੀ ਆਪ ਜੀ ਨੇ ਬਾਲਕ ਦਾ ਨਾਮ 'ਗੋਬਿੰਦ ਰਾਏ' ਰੱਖਿਆ। ਗੁਰੂ ਗੋਬਿੰਦ ਰਾਇ ਦੇ ਬਚਪਨ ਦੇ ਪਹਿਲੇ 4-5 ਸਾਲ ਪਟਨੇ ਵਿਚ ਗੁਜ਼ਰੇ ਸਨ। ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਆਪ ਦਾ ਪੂਰਾ ਧਿਆਨ ਰੱਖ ਰਹੇ ਸਨ। ਭਾਈ ਦਇਆਲਾ ਜੀ ਸਾਰੇ ਪ੍ਰਬੰਧ ਦੀ ਦੇਖ ਰੇਖ ਕਰ ਰਹੇ ਸਨ। ਬਾਲ ਗੋਬਿੰਦ ਰਾਇ ਨੇ ਬਿਹਾਰੀ ਬੋਲੀ ਬਚਪਨ ਦੇ ਸਾਥੀਆਂ ਕੋਲੋਂ ਤੇ ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਨੇ ਆਪ ਨੂੰ ਪੰਜਾਬੀ ਬੋਲੀ ਸਿਖਾ ਦਿੱਤੀ ਸੀ।

ਗੁਰੂ ਜੀ ਜਦੋਂ ਤਿੰਨ-ਚਾਰ ਸਾਲਾਂ ਦੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਖੇਡਣ ਲਈ ਚਲੇ ਜਾਂਦੇ। ਆਮ ਤੌਰ 'ਤੇ ਬੱਚਿਆਂ ਦੀਆਂ ਦੋ ਢਾਣੀਆਂ ਬਣਾ ਕੇ ਲੜਾਈ ਲੜਨ ਦੀ ਖੇਡ ਖੇਡਦੇ। ਬਾਲ ਉਮਰ ਵਿਚ ਹੀ ਆਪ ਤੀਰਅੰਦਾਜ਼ੀ ਦੇ ਮਾਹਿਰ ਬਣ ਗਏ ਸਨ। ਆਪ ਨੇ ਬੱਚਿਆਂ ਦੇ ਮਨਾਂ ਵਿਚੋਂ ਗੁਲਾਮੀ ਦੇ ਭਾਵ ਕੱਢਣੇ ਆਰੰਭ ਕਰ ਦਿੱਤੇ ਸਨ। ਜਦੋਂ ਆਪ ਵੇਖਦੇ ਕਿ ਬੱਚੇ ਹਾਕਮ ਜਾਂ ਨਵਾਬਾਂ ਦੇ ਆਉਣ ਸਮੇਂ ਝੁਕ-2 ਕੇ ਸਲਾਮਾਂ ਕਰਦੇ ਹਨ ਤਾਂ ਬੱਚਿਆਂ ਨੂੰ ਕਹਿੰਦੇ ਕਿ ਬੰਦਾ ਬੰਦੇ ਨੂੰ ਸਲਾਮ ਕਰੇ ਇਹ ਸੋਭਦੀ ਨਹੀਂ ਸਗੋਂ ਉਹਨਾਂ ਨੂੰ ਬਹਾਦਰ ਤੇ ਦਲੇਰ ਬਣਨ ਦੀ ਪ੍ਰੇਰਨਾ ਕਰਦੇ। ਹੌਲੀ-ਹੌਲੀ ਸਾਥੀ ਬੱਚੇ ਇੰਨੇ ਦਲੇਰ ਹੋ ਗਏ ਕਿ ਉਹ ਨਵਾਬਾਂ ਤੇ ਨੌਜਵਾਨਾਂ ਨੂੰ ਮੂੰਹ ਚਿੜਾਉਣ ਲੱਗ ਪਏ। ਜੋ ਕਦੇ ਪਿਆਦੇ ਇੰਝ ਕਰਨ ਤੋਂ ਵਰਜਦੇ ਤਾਂ ਬੱਚੇ ਮੂੰਹ ਚਿੜਾਉਂਦੇ ਤੇ ਨੱਸ ਜਾਂਦੇ।

ਸੰਨ 1670 ਈ: ਨੂੰ ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਵਾਰ ਬਾਲ ਗੋਬਿੰਦ ਰਾਇ ਨੂੰ ਵੇਖਿਆ। ਇੱਥੇ ਇਕ ਗੱਲ ਬਹੁਤ ਹੀ ਧਿਆਨ ਮੰਗਦੀ ਹੈ ਜੋ ਅੱਜ ਦੇ ਗ੍ਰਿਹਸਤੀ ਜੀਵਨ ਦਾ ਮਾਰਗ ਦਰਸ਼ਨ ਕਰਦੀ ਹੈ। ਪਹਿਲੀ ਗੱਲ ਤਾਂ ਇਹ ਕਿ ਗੁਰੂ ਤੇਗ ਬਹਾਦਰ ਜੀ ਨੇ ਪਰਿਵਾਰ ਨਾਲੋਂ ਧਰਮ ਪ੍ਰਚਾਰ ਨੂੰ ਪਹਿਲ ਦਿੱਤੀ ਤੇ ਮੁੜ ਇਹ ਵੀ ਯਾਦ ਰੱਖਣਾ ਹੈ ਕਿ ਸਤਿਗੁਰੂ ਜੀ ਦੀ ਸ਼ਾਦੀ ਨੂੰ ਹੋਇਆਂ 32-34 ਵਰ੍ਹੇ ਬੀਤ ਚੁੱਕੇ ਸਨ ਪਰ ਬਾਲਕ ਦਾ ਜਨਮ ਇੰਨੇ ਲੰਮੇ ਸਮੇਂ ਬਾਅਦ ਹੋਇਆ। ਸਮਰੱਥ ਸਤਿਗੁਰੂ ਜੀ ਹਰ ਗੱਲ ਕਰ ਸਕਦੇ ਸਨ ਪਰ ਆਪ ਜੀ ਨੇ ਇਹ ਗੱਲ ਦ੍ਰਿੜਾਈ ਕਿ ਜਨਮ ਤੇ ਮੌਤ ਕੇਵਲ ਪ੍ਰਮਾਤਮਾ ਦੇ ਆਪਣੇ ਵੱਸ ਵਿਚ ਹੈ। ਥੋੜ੍ਹੀ ਦੇਰ ਪਟਨਾ ਰੁਕਣ ਤੋਂ ਬਾਅਦ ਸੰਨ 1671 ਨੂੰ ਹੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਨੂੰ ਵਾਪਿਸ ਆ ਗਏ। ਗੁਰੂ ਤੇਗ ਬਹਾਦਰ ਜੀ ਨੇ ਜਦ ਪੰਜਾਬ ਦੀ ਹੋਰ ਵਿਗੜਦੀ ਦਸ਼ਾ ਦੇਖੀ ਤਾਂ ਪਰਿਵਾਰ ਨੂੰ ਵਾਪਿਸ ਆਪਣੇ ਕੋਲ ਬੁਲਾਉਣਾ ਹੀ ਠੀਕ ਸਮਝਿਆ ਤਾਂ ਕਿ ਬਾਲਕ ਗੋਬਿੰਦ ਰਾਇ ਦੀ ਸਿੱਖਿਆ ਹੁਣ ਉਹਨਾਂ ਦੀ ਆਪਣੀ ਦੇਖ-ਰੇਖ ਵਿਚ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਦੀ ਉਮਰ ਤੱਕ ਅਰਬੀ, ਫਾਰਸੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਸੰਨ 1975 ਈ: ਨੂੰ ਜਦੋਂ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ ਕਿ ਉਹਨਾਂ ਦਾ ਧਰਮ ਖ਼ਤਰੇ ਵਿਚ ਹੈ, ਨਿਰਣਾ ਕੀਤਾ ਕਿ ਕਮਜ਼ੋਰ ਜਿੰਦਾਂ ਵਿਚ ਜਿੰਦ ਪਾਉਣ ਲਈ ਆਪਣਾ ਸੀਸ ਕੁਰਬਾਨ ਕੀਤਾ ਜਾਏ ਤਾਂ ਕਿ ਔਰੰਗਜ਼ੇਬ ਵੱਲੋਂ ਝੁਲਾਈ ਜ਼ੁਲਮ ਦੀ ਹਨੇਰੀ ਨੂੰ ਰੋਕ ਪਾਈ ਜਾ ਸਕੇ। ਆਪ ਨੇ ਕਸ਼ਮੀਰੀ ਪੰਡਤਾਂ ਨੂੰ ਕਹਿ ਦਿੱਤਾ ਕਿ ਤੁਸੀਂ ਬਾਦਸ਼ਾਹ ਨੂੰ ਕਹਿ ਦਿਓ ਕਿ ਗੁਰੂ ਤੇਗ ਬਹਾਦਰ ਸਾਡੇ ਆਗੂ ਹਨ ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਵੀ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ ਤੇ ਆਪ ਨੇ ਆਪ ਦਿੱਲੀ ਚੱਲ ਕੇ ਸੀਸ ਕੁਰਬਾਨ ਕਰਨ ਦਾ ਨਿਰਣਾ ਕਰ ਲਿਆ। ਅਨੰਦਪੁਰੋਂ ਤੁਰਨ ਤੋਂ ਪਹਿਲਾਂ ਆਪਣੇ ਗੁਰਗੱਦੀ ਦੀ ਜ਼ਿਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤੀ। ਸ਼ਹਾਦਤ ਤੋਂ ਬਾਅਦ ਜਦੋਂ ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਸਾਹਿਬ ਪੁੱਜੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦਾ ਸੀਸ ਆਪਣੀ ਝੋਲੀ ਵਿਚ ਰੱਖਿਆ ਤੇ ਅਨੰਦਪੁਰ ਲਿਜਾਣ ਲਈ ਪਾਲਕੀ ਵਿਚ ਸਜਾਇਆ। ਸੀਸ ਦਾ ਸਸਕਾਰ ਅਨੰਦਪੁਰ ਵਿਖੇ ਕੀਤਾ ਜਿੱਥੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਸੰਨ 1684 ਵਿਚ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਆਪ ਸਿਰਮੋਰ ਰਿਆਸਤ ਵਿਖੇ ਪੁੱਜੇ। ਸੰਨ 1685 ਈ: ਵਿਚ ਜਮਨਾ ਨਦੀ

ਦੇ ਕੰਢੇ ’ਤੇ ਰਮਣੀਕ ਤੇ ਸੁੰਦਰ ਅਸਥਾਨ ਜੋ ਰਣਨੀਤੀ ਦੀ ਦ੍ਰਿਸ਼ਟੀ ਤੋਂ ਸੁਚੱਜਾ ਸੀ, ਆਪ ਨੇ ਨਵਾਂ ਨਗਰ ਵਸਾਇਆ। ਸਤਿਗੁਰਾਂ ਦੇ ਆਉਣ ਕਰਕੇ ਹੀ ਤੇ ਪੈਰ ਰੱਖਣ ਦੀ ਯਾਦ ਵਿਚ ਇਸ ਥਾਂ ਦਾ ਨਾਮ ਪਾਉਂਟਾ ਸਾਹਿਬ ਰੱਖਿਆ ਗਿਆ। ਸਤਿਗੁਰੂ ਜੀ ਦੇ ਜੀਵਨ ਦਾ ਪਹਿਲਾ ਯੁੱਧ ਵੀ ਪਾਉਂਟੇ ਤੋਂ 12 ਕੁ ਕਿਲੋਮੀਟਰ ਦੂਰ ਭੰਗਾਣੀ ਦੇ ਮੈਦਾਨ ’ਤੇ ਹੋਇਆ ਹੈ। ਭੰਗਾਣੀ ਦਾ ਯੁੱਧ ਜਿੱਤਣ ਮਗਰੋਂ ਕੁਝ ਸਮਾਂ ਬਾਅਦ ਦਸਮ ਪਿਤਾ ਵਾਪਿਸ ਅਨੰਦਪੁਰ ਆ ਗਏ। ਸਤਿਗੁਰੂ ਨੇ ਲੰਮੀ ਨਦਰਿ ਨਾਲ ਇਹ ਵੇਖ ਲਿਆ ਕਿ ਭਵਿੱਖ ਵਿਚ ਅਨੰਦਪੁਰ ਨੇ ਜੰਗ ਦਾ ਮੈਦਾਨ ਬਣਨਾ ਹੈ ਤਾਂ ਆਪ ਨੇ ਦੂਰ ਦ੍ਰਿਸ਼ਟੀ ਨਾਲ ਸਤਲੁਜ ਦਰਿਆ ਦੇ ਕੰਢੇ ‘ਨਿਰਮੋਹ ਗੜ੍ਹ’, ‘ਲੋਹਗੜ੍ਹ’ ਕਿਲ੍ਹੇ ਬਣਾਏ। ਚਰਨ ਗੰਗਾ ਦੇ ਕੰਢੇ ’ਤੇ ਫਤਿਹਗੜ੍ਹ ਤੇ ਉਸ ਤੋਂ ਕੁਝ ਦੂਰ ਕੇਸਗੜ੍ਹ ਅਤੇ ਸਭ ਤੋਂ ਉੱਚੀ ਥਾਂ ਅਨੰਦਗੜ੍ਹ ਦਾ ਕਿਲ੍ਹਾ ਬਣਵਾਇਆ।

ਸਾਹਿਬ–ਏ–ਕਮਾਲ ਨੇ ਰੰਗਾਂ ਦੇ ਗੰਦ ਨਾਲ ਲਿਬੜੇ ਹੋਏ ਮਨੁੱਖ ਜੋ ਹੋਲੀ ਵਾਲੇ ਦਿਨ ਭੂਤਨਿਆਂ ਵਾਂਗ ਲਗਦੇ ਹਨ ਤੇ ਡਾਂਗੋ–ਡਾਂਗੀ ਵੀ ਹੋ ਜਾਂਦੇ ਹਨ, ਨੂੰ ਇਸ ਗੰਦ ਵਿਚੋਂ ਕੱਢ ਕੇ ਹੋਲਾ ਮਹੱਲਾ ਮਨਾਉਣ ਦੀ ਰੀਤੀ ਅਰੰਭ ਕੀਤੀ ਤੇ ਸਿੱਖਾਂ ਨੂੰ ਬੀਰ ਰਸ ਨਾਲ ਭਰ ਕੇ ਸ਼ਸਤਰ ਅਭਿਆਸ ਕਰਨ ਲਈ ਪ੍ਰੇਰਿਆ। 31 ਮਾਰਚ ਸੰਨ 1699 ਨੂੰ ਗੁਰੂ ਜੀ ਨੇ ‘ਹਮ ਲੇ ਜਾਣਾ ਪੰਥ ਉਚੇਰੇ’ ਦੇ ਸਿਖਰ ’ਤੇ ਪੁੱਜ ਕੇ ਖਾਲਸਾ ਪੰਥ ਦੀ ਸੰਪੂਰਨਤਾ ਕੀਤੀ। ਜੋ ਨਿਰਮਲ ਪੰਥ ਗੁਰੂ ਨਾਨਕ ਪਾਤਸ਼ਾਹ ਨੇ ਅਰੰਭ ਕੀਤਾ ਸੀ, ਉਸ ਉੱਤੇ ਆਖਰੀ ਮੋਹਰ ਅੰਮ੍ਰਿਤ ਦੇ ਰੂਪ ਵਿਚ ਗੁਰੂ ਜੀ ਨੇ ਲਾ ਦਿੱਤੀ। ਹਰ ਸਿੱਖ ਨੂੰ ਸਵੇਰੇ ਸ਼ਾਮ ਨਿਤਨੇਮ ਦੀਆਂ ਬਾਣੀਆਂ ਪੜ੍ਹਨ ਦੀ ਹਿਦਾਇਤ ਕੀਤੀ ਤਾਂ ਕਿ ਅੰਦਰਲਾ ਮਜ਼ਬੂਤ ਹੋ ਸਕੇ ਤੇ 4 ਕੁਰਹਿਤਾਂ–ਕੇਸਾਂ ਦੀ ਬੇਅਦਬੀ, ਪਰ ਇਸਤਰੀ ਪਰ ਪੁਰਖ ਦਾ ਸੰਗ, ਤੰਬਾਕੂ ਦਾ ਸੇਵਨ, ਤੇ ਕੁੱਠਾ ਮਾਸ ਦੀ ਵਰਤੋਂ ’ਤੇ ਪਾਬੰਦੀ ਲਾ ਦਿੱਤੀ ਤੇ ਕੇਸ, ਕੜਾ, ਕ੍ਰਿਪਾਨ, ਕੰਘਾ, ਕਛਹਿਰਾ ਪੰਜ ਕਕਾਰ ਰੱਖਣ ਦੀ ਹਦਾਇਤ ਕੀਤੀ। ਕੇਵਲ ਸਿੱਖਾਂ ਨੂੰ ਹੀ ਨਹੀਂ ਆਪ ਦੀ ਪੰਜਾਂ ਅੱਗੇ ਹੱਥ ਬੰਨ੍ਹ ਖੜ੍ਹੇ ਹੋ ਕੇ ਅੰਮ੍ਰਿਤ ਦੀ ਦਾਤ ਲਈ।

ਅੰਨਦਪੁਰ ਵਿਚ ਰਹਿੰਦੇ ਹੋਏ ਲਗਭਗ 11 ਲੜਾਈਆਂ ਸਾਹਿਬਾਂ ਨੂੰ ਲੜਨੀਆਂ ਪਈਆਂ ਤੇ ਸੰਨ 1704 ਨੂੰ ਆਖਰੀ ਵਾਰ ਅਨੰਦਪੁਰ ਨੂੰ ਫਤਿਹ ਬੁਲਾਈ। ਚਮਕੌਰ ਵਿਚ ਦੋ ਵੱਡੇ ਸਾਹਿਬਜ਼ਾਦੇ ਤੇ ਸਰਹਿੰਦ ਦੀਆਂ ਖ਼ੂਨੀ ਦੀਵਾਰਾਂ ਵਿਚ ਚਿਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਸਾਹਿਬ ਨੇ ਸੀਸ ਪ੍ਰਮਾਤਮਾ ਦੇ ਅੱਗੇ ਝੁਕਾਅ ਕੇ ਕਿਹਾ, ਤੇਰਾ ਸ਼ੁਕਰ ਹੈ। ਮੁਕਤਸਰ ਦੀ ਜੰਗ ਤੋਂ ਬਾਅਦ ਸਤਿਗੁਰੂ ਸਾਬੋ ਕੀ ਤਲਵੰਡੀ ਪਹੁੰਚੇ। ਇੱਥੇ ਹੀ ਭਾਈ ਮਨੀ ਸਿੰਘ ਜੀ ਪਾਸੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਜਿਸ ਨੂੰ ‘ਦਮਦਮੀ ਬੀੜ’ ਕਿਹਾ ਜਾਂਦਾ ਹੈ। ਭਾਈ ਡੱਲੇ ਦੀ ਪਰਖ ਕਰਕੇ ਹੰਕਾਰ ਤੋੜਿਆ ਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿੱਖੀ ਦਾ ਦਾਨ ਬਖਸ਼ਿਆ। ਕੁਝ ਕੁ ਸਮਾਂ ਇੱਥੇ ਟਿਕਣ ਤੋਂ ਬਾਅਦ ਜੀਵਨ ਦੇ ਅਗਲੇ ਪੜਾਏ ਦੱਖਣ ਵੱਲ ਨੂੰ ਚੱਲ ਪਏ ਤੇ 3 ਸਤੰਬਰ 1708 ਨੂੰ ਗੋਦਾਵਰੀ ਦੇ ਕੰਢੇ ਮਾਧੋ ਦਾਸ ਦੇ ਡੇਰੇ ’ਤੇ ਆਏ। ਮਾਧੋ ਦਾਸ ਦਾ ਹੰਕਾਰ ਤੋੜ ਕੇ ਉਸਨੂੰ ਜੀਵਨ ਦਾ ਢੰਗ ਸਮਝਾਇਆ ਤੇ ਅੰਮ੍ਰਿਤ ਦੀ ਦਾਤ ਬਖਸ਼ ਕੇ ‘ਬੰਦਾ ਸਿੰਘ’ ਬਣਾ ਦਿੱਤਾ। 7 ਅਕਤੂਬਰ 1708 ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਗ੍ਰੰਥ ਤੇ ਗੁਰੂ ਪੰਥ ਨੂੰ ਸੌਂਪ ਦਿੱਤੀ। ਸਰੀਰ ਪੰਥ ਤੇ ਆਤਮਾ ਗ੍ਰੰਥ ਵਿਚ, ਕਹਿ ਕੇ ਆਪ ਨਾਂਦੇੜ ਵਿਖੇ ਜੋਤੀ ਜੋਤ ਸਮਾ ਗਏ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

## ਵਿਚਾਰ

# ਸ਼ੀਲ ਖਾਨ ਕੰਨਿਆ ਇੱਕ ਹੋਵੈ, ਨਹੀਂ ਤਾਂ ਮਾਂ ਗ੍ਰਹਿਸਥ ਵਿਗੋਵੈ ॥

**- ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ**

# ਲੁਬਾਣਾ ਸੇਵਕ


**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**Engineer Parminderjit Singh**
524, GMT Jalandhar
parminderjitsingh84@yahoo.com
M.: 99153-57524

**Co-Editor**
**S. Joginder Singh Ajaib, 421-A,**
Maharaja Ranjit Singh Avenue, Jalandhar-144009
M.: 98152-69145

**Prof. Jaswant Singh Ph.D.**
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਫੱਗਣ) 13-02-2019 (ਬੁੱਧਵਾਰ)
ਪੂਰਨਮਾਸ਼ੀ - (੭ ਫੱਗਣ) 19-02-2019 (ਮੰਗਲਵਾਰ)
ਮੱਸਿਆ - (੨੨ ਫੱਗਣ) 6-03-2019 (ਬੁੱਧਵਾਰ)

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 83 | ਜਨਵਰੀ - 2019



1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਲਾਸਾਨੀ ਵਿਅਕਤਿਤਵ 5
2. 'ਜਪੁ ਜੀ' ਦਾ ਪਉੜੀ-ਭਾਵ 7
3. ਏਤੁ ਮਾਰਗਿ ਜਾਣਾ 9
4. ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਸਮੱਸਿਆ 12
5. ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ 16
6. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 17
7. ਅਪੀਲ 21
8. ਸਤਿਕਾਰ ਸਹਿਤ ਗੁਰ ਸਾਗਰ ਦੇ ਸੁੱਚੇ ਮੋਤੀ 'ਚੋਂ 22
9. ਪੰਜਾਬ ਦੀ ਰਾਜਨੀਤਿਕ ਹਾਲਤ 23
10. ਰੀਤੀਆਂ ਤੋਂ ਕੁਰੀਤੀਆਂ 25
11. ਮਾਤਾ ਪ੍ਰੀਤਮ ਕੌਰ ਸੁਭਾਨਪੁਰ ਜੀ ਨੂੰ ਨਿੱਘੀ ਸ਼ਰਧਾਂਜਲੀ 26
12. ਕਾਵਿ-ਕਿਆਰੀ 27
13. ਆਓ ਜਾਣੀਏ ! 29
14. ਜੋੜੀਆਂ ਜੱਗ ਥੋੜੀਆਂ 30
15. ਸਿਹਤ ਸੰਭਾਲ 34
16. ਦਾਨੀ ਸੱਜਣਾਂ ਦੀ ਸੂਚੀ 35
17. Career After +2 37
18. Let us know! 39
19. Matrimonial 40


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।


**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਲਾਸਾਨੀ ਵਿਅਕਤਿਤਵ






**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 352ਵਾਂ ਪ੍ਰਕਾਸ਼ ਪੁਰਬ ਪਟਨਾ ਸਾਹਿਬ ਸਮੇਤ ਦੇਸ਼-ਵਿਦੇਸ਼ ਦੀ ਸੰਗਤ ਵੱਲੋਂ ਵੱਖ-ਵੱਖ ਗੁਰੂ ਘਰਾਂ ਵਿਚ ਸਵੇਰੇ ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਉਪਰੰਤ ਸਾਰਾ ਦਿਨ ਦੀਵਾਨ ਸਜਾਏ ਗਏ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਜੀ ਨੂੰ 'ਸੇਵਾ ਰਤਨ' ਅਤੇ ਵਿਕਾਸ ਪੁਰਸ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਜੀ ਨੇ ਇਸ ਮੌਕੇ 350 ਰੁਪਏ ਦਾ ਸਿੱਕਾ ਚਾਲੂ ਕਰਕੇ ਸਿੱਖ ਸੰਗਤ ਦਾ ਪਿਆਰ ਜਿੱਤਿਆ ਅਤੇ ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਂ ਨੇ ਸਾਨੂੰ ਨਿਆਂ ਤੇ ਹੱਕ ਵਿਚ ਖੜ੍ਹਨਾ ਸਿਖਾਇਆ ਹੈ।

ਇਸ ਸੰਸਾਰ ਵਿੱਚ ਅਕਾਲ ਪੁਰਖ ਵੱਲੋਂ ਸਮੇਂ-ਸਮੇਂ ਆਪਣੇ ਦਰੋਂ-ਘਰੋਂ ਬਖਸ਼ੀਆਂ ਰੂਹਾਂ ਮਨੁੱਖੀ ਜਾਮੇ ਵਿੱਚ ਭੇਜੀਆਂ ਜਾਂਦੀਆਂ ਹਨ ਜੋ ਸੰਸਾਰ ਰੂਪੀ ਮੰਚ 'ਤੇ ਆ ਕੇ ਜਿੱਥੇ ਆਪਣੇ ਵਿਅਕਤਿਤਵ, ਆਪਣੀ ਸਖਸ਼ੀਅਤ, ਆਪਣੀ ਪ੍ਰਤਿਭਾ ਦਾ ਜਲਵਾ ਦਿਖਾ ਕੇ ਮੁੜ ਅਕਾਲ ਦੇ ਦੇਸ਼-ਮੰਡਲ ਨੂੰ ਪਰਤ ਜਾਂਦੀਆਂ ਹਨ ਉੱਥੇ ਉਹ ਇਸ ਸੰਸਾਰ ਵਿੱਚ ਆਪਣੇ ਦੁਆਰਾ ਕੀਤੇ ਮਹੇਨ ਕਾਰਨਾਮਿਆਂ ਦੀ ਇਕ ਸਦੀਵੀ ਯਾਦ ਵੀ ਛੱਡ ਜਾਂਦੀਆਂ ਹਨ। ਅੱਜ ਤੱਕ ਇਸ ਧਰਤੀ ਉੱਪਰ ਅਣਗਿਣਤ ਹੀ ਪ੍ਰਭਾਵਸ਼ਾਲੀ ਵਿਅਕਤਿਤਵ ਆਪਣੀ ਹੋਂਦ ਰੱਖ ਰਹੇ ਹਨ। ਜਦ ਤੱਕ ਇਹ ਸ੍ਰਿਸ਼ਟੀ ਕਾਇਮ ਹੈ, ਚੰਗੇ ਵਿਅਕਤਿਤਵ ਆਉਣ ਵਾਲੇ ਸਭਨਾਂ ਯੁੱਗਾਂ ਜਾਂ ਸਮਿਆਂ ਵਿੱਚ ਸੰਸਾਰ ਰੂਪੀ ਮੰਚ ਉਪਰ ਆਉਂਦੇ ਰਹਿਣੇ ਹਨ ਪਰ ਮੱਧਕਾਲ ਵਿੱਚ ਭਾਰਤ ਭੂ-ਮੰਡਲ ਵਿੱਚ ਪਟਨਾ (ਬਿਹਾਰ) ਦੇ ਅਸਥਾਨ 'ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਜੀ ਦੇ ਗ੍ਰਹਿ ਵਿਖੇ ਉਨ੍ਹਾਂ ਦੇ ਮਹਿਲ ਮਾਤਾ ਗੁਜਰੀ ਜੀ ਦੀ ਕੁੱਖੋਂ ਪ੍ਰਗਟ ਹੋਣ ਵਾਲੀ ਮਹਾਨ ਆਤਮਾ ਜੋ ਪਹਿਲਾਂ ਬਾਲ-ਅਵਸਥਾ ਵਿੱਚ ਸ੍ਰੀ ਗੁਰੂ ਗੋਬਿੰਦ ਰਾਏ ਦੇ ਨਾਮ ਨਾਲ ਅਤੇ ਸੰਨ 1699ਈ. ਦੀ ਵਿਸਾਖੀ ਤੋਂ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਕੁੱਲ ਸੰਸਾਰ ਵਿੱਚ ਜਾਣੀ ਗਈ, ਉਸ ਖਾਸ-ਉਲ-ਖਾਸ ਰੂਪ 'ਚ ਅਕਾਲ ਪੁਰਖ ਦੇ ਦਰੋਂ-ਘਰੋਂ ਬਖਸ਼ੀ ਹੋਈ ਆਤਮਾ ਦਾ ਸਾਨੀ ਅੱਜ ਤਕ ਨਾ ਕੋਈ ਹੋਇਆ ਹੈ ਤੇ ਨਾ ਹੀ ਹੋ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਦੁਆਰਾ ਕਾਇਮ ਕੀਤੇ ਨਵੇਂ ਨਿਵੇਕਲੇ ਸਿੱਖ ਧਰਮ ਦੇ ਦਸਵੇਂ ਪ੍ਰਵਰਤਕ ਦੇ ਰੂਪ ਵਿੱਚ ਆਪਣੇ ਤੋਂ ਪਹਿਲਾਂ ਤੋਂ ਚੁੱਕੇ ਕੁੱਲ ਨੌਂ ਗੁਰੂ ਸਾਹਿਬਾਨ ਦੁਆਰਾ ਕਰੜੀ ਘਾਲਨਾ ਨਾਲ ਇਸ 'ਮਾਨਵਤਾਵਾਦੀ ਆਸਤਕ ਧਰਮ' ਦੇ ਨਾਲ-ਨਾਲ ਇਸ ਦੇ ਦਾਮਨ ਲੱਗੇ ਸਿੱਖ-ਪੰਥ ਨੂੰ ਖਾਲਸਾ ਪੰਥ ਦੇ ਰੂਪ ਵਿੱਚ ਵਿਕਾਸ-ਵਿਗਾਸ ਦੀ ਸਿਖਰਲੀ ਅਵਸਥਾ ਤਕ ਲੈ ਗਏ। ਇਸ ਨਵੇਂ-ਨਿਵੇਕਲੇ ਖਾਲਸਾ ਪੰਥ ਨੇ, ਜੋ ਗੁਰੂ ਜੀ ਦੇ ਲਾਸਾਨੀ ਵਿਅਕਤਿਤਵ ਦੀ ਵਿਸਮਾਦੀ ਸਿਰਜਦਾ ਹੈ, ਨੇ ਵੀ ਹਰ ਯੁੱਗ 'ਚ ਸੰਸਾਰ ਨੂੰ ਵਿਸਮਾਦਤ ਕੀਤਾ ਹੈ। ਖਾਲਸਾ ਪੰਥ ਨੂੰ ਗੁਰੂ ਜੀ ਦੇ ਦਰਅਸਲ ਆਪਣੇ ਹੀ ਵਿਅਕਤਿਤਵ ਦੇ ਅਨੋਖੇ ਵਿਸਮਾਦੀ ਰੰਗ ਜਾਂ ਸੁਰਤ-ਸੀਰਤ ਵਿੱਚ ਸਿਰਜਿਆ ਹੈ। ਗੁਰੂ ਜੀ ਨੇ ਖਾਲਸੇ ਨੂੰ ਆਪਣਾ ਖਾਸ ਰੂਪ ਐਲਾਨਿਆ ਸੁਰ ਵਿੱਚ ਕਥਨ ਕੀਤਾ ਅਤੇ ਇਹ ਵੀ ਫਰਮਾਨ ਕੀਤਾ ਕਿ ਖਾਲਸੇ ਵਿੱਚ ਉਨ੍ਹਾਂ ਦਾ ਆਪਣਾ ਵਾਸਾ ਹੈ ਅਤੇ ਹਮੇਸ਼ਾਂ ਰਹੇਗਾ ਵੀ।

ਅਕਾਲ ਪੁਰਖ ਦੁਆਰਾ ਗੁਰੂ ਜੀ ਨੂੰ ਸਿੱਖ ਪੰਥ/ਖਾਲਸਾ ਪੰਥ ਦੀ ਆਦਰਸ਼ ਅਗਵਾਈ ਕਰਨ ਲਈ ਤਾਂ ਕਾਫੀ ਸਮਾਂ ਹਾਸਲ ਹੋਇਆ ਪਰ ਇਸ ਨਾਸ਼ਮਾਨ ਸੰਸਾਰ ਉੱਪਰ ਗੁਰੂ ਜੀ ਦੀ ਸਮੁੱਚੀ ਜੀਵਨ-ਅਵਧੀ ਇਕ ਸੀਮਿਤ ਸਮੇਂ ਵਾਲੀ ਹੀ ਸਮਝੀ ਜਾਂਦੀ ਹੈ। ਇਸ ਸੀਮਿਤ ਜੀਵਨ-ਅਵਧੀ ਅਤੇ ਇਸ ਦੇ ਕਾਰਨਾਮਿਆਂ ਨੂੰ ਸਾਹਮਣੇ ਰੱਖਦਿਆਂ ਹਰੇਕ ਇਤਿਹਾਸਕਾਰ ਅਤੇ ਚਿੰਤਕ ਹੈਰਾਨੀ ਨਾਲ ਮੂੰਹ ਵਿੱਚ ਉਂਗਲੀ ਪਾ ਲੈਂਦਾ ਹੈ। ਇਥੇ ਅਸੰਖਾ ਕਾਰਨਾਮਿਆਂ 'ਚੋਂ ਕੁਝ ਇਕ ਦਾ ਸੰਕੇਤਕ ਜ਼ਿਕਰ ਕਰਨਾ ਯੋਗ ਹੋਵੇਗਾ।

ਨੌਂ ਵਰ੍ਹਿਆਂ ਦੀ ਛੋਟੀ ਉਮਰੇ ਹੀ ਆਪ ਨੂੰ ਸਿੱਖ-ਪੰਥ ਦੀ ਅਗਵਾਈ ਦੀ ਬਹੁਤ ਵੱਡੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਉਠਾਉਣੀ ਪਈ ਸੀ। ਇਸੇ ਬਾਲ-ਉਮਰੇ ਸਮਕਾਲੀ ਰਾਜਨੀਤਿਕ ਸਤਾਧਾਰੀ ਮੁਗਲ ਸ਼ਾਸਕ ਔਰੰਗਜ਼ੇਬ ਦੁਆਰਾ ਸਤਾਏ ਜਾ ਰਹੇ ਪੀੜਤ ਹਿੰਦੂ ਧਰਮ ਦੀ ਰੱਖਿਆ ਵਾਸਤੇ ਸ੍ਰੀ ਗੋਬਿੰਦ ਰਾਏ ਜੀ ਨੇ ਆਪਣੇ ਪਿਤਾ, ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਤੋਰਿਆ ਸੀ। ਸ਼ਹਾਦਤ ਦੇਣ ਲਈ ਗੁਰੂ-ਪਿਤਾ ਜੀ ਨੂੰ ਸ੍ਰੀ ਗੋਬਿੰਦ ਰਾਏ ਜੀ ਦੀ ਹੀ ਪ੍ਰੇਰਨਾ ਸੀ। ਆਪ ਜੀ ਨੇ ਕਿਹਾ ਸੀ ਕਿ

ਪਿਤਾ ਜੀ, ਜੇਕਰ ਕਿਸੇ ਮਹਾਂਪੁਰਸ਼ ਦੁਆਰਾ ਆਪਣਾ ਜੀਵਨ ਵਾਰਨ ਨਾਲ ਹੀ ਹੋ ਰਹੇ ਜਬਰ ਨੂੰ ਰੋਕਿਆ ਜਾ ਸਕਦਾ ਹੈ ਤਾਂ ਆਪ ਨਾਲੋਂ ਵੱਡਾ ਮਹਾਂਪੁਰਸ਼ ਇਸ ਵੇਲੇ ਹੋਰ ਕੌਣ ਹੈ? ਉਲੇਖ ਅਧੀਨ ਬਾਲ ਉਮਰੇ ਇਸ ਤਰ੍ਹਾਂ ਦਾ ਪ੍ਰਸ਼ਨ ਕਰਨ ਪਿੱਛੇ ਸ੍ਰੀ ਗੋਬਿੰਦ ਰਾਏ ਦੇ ਉਸ ਸਮੇਂ ਤਕ ਵਿਕਸਿਤ ਵਿਅਕਤਿਤਵ ਦਾ ਕੁਝ ਨਾ ਕੁਝ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਸਮਕਾਲੀ ਜਬਰਾਂ ਦੇ ਜਬਰ ਖਿਲਾਫ ਜ਼ੋਰਦਾਰ ਸੰਘਰਸ਼ ਕਰਨਾ ਪਵੇਗਾ। ਇਹ ਇਰਾਦਾ ਵੀ ਇਸ ਲਾਸਾਨੀ ਵਿਅਕਤਿਤਵ ਨੇ ਬਾਲ ਉਮਰੇ ਹੀ ਧਾਰ ਲਿਆ ਸੀ। ਤਦੇ ਹੀ ਤਾਂ ਪਟਨਾ ਸਾਹਿਬ ਦੀਆਂ ਗਲੀਆਂ ਅਤੇ ਇਸ ਦੇ ਵਿੱਚੋਂ ਵਹਿੰਦੀ ਨਦੀ ਕਿਨਾਰੇ ਆਪ ਜੰਗਾਂ-ਯੁੱਧਾਂ ਦੀਆਂ ਖੇਡਾਂ ਬਾਲ-ਹਾਣੀਆਂ ਨਾਲ ਰਲ ਕੇ ਖੇਡਦੇ ਰਹੇ ਸਨ। ਇਨ੍ਹਾਂ ਖੇਡਾਂ ਦੇ ਚੋਜ ਰਚਾਉਣ ਵਾਲੇ ਚੋਜੀ ਪ੍ਰੀਤਮ ਵੀ ਆਪ ਹੀ ਸਨ।

ਗੁਰੂ ਜੀ ਦੇ ਅਵਤਾਰ ਧਾਰਨ ਸਮੇਂ ਅੰਤ੍ਰੀਵ ਦੈਵੀ/ਰੱਬੀ ਅਨੁਭੂਤੀ ਦੇ ਰੂਪ 'ਚ ਸੂਫੀ ਫ਼ਕੀਰ ਭੀਖਨ ਜੀ ਨੂੰ ਪੂਰਬ ਦਿਸ਼ਾ ਵਿੱਚ ਅਗੰਮੀ ਪ੍ਰਕਾਸ਼ ਦਿਖਿਆ ਸੀ। ਉਸ ਫਕੀਰ ਨੇ ਉਸ ਦਿਨ ਪੱਛਮ ਦੀ ਬਜਾਇ ਪੂਰਬ ਦਿਸ਼ਾ ਵੱਲ ਸਿਜਦਾ ਕੀਤਾ। ਫਿਰ ਲੰਮੇ ਪੈਂਡੇ ਤਹਿ ਕਰਕੇ ਉਹ ਫਕੀਰ ਪਟਨਾ ਸਾਹਿਬ ਵਿਖੇ ਪੁੱਜਾ ਅਤੇ ਬਾਲ ਗੋਬਿੰਦ ਰਾਏ ਜੀ ਦੀ ਅਗੰਮੀ ਸੂਰਤ-ਸੀਰਤ ਦੇ ਦਰਸ਼ਨ-ਦੀਦਾਰੇ ਕਰਕੇ ਨਿਹਾਲ ਹੋਇਆ। ਨਾਲੇ ਕੁੱਲ ਸੰਸਾਰ ਨੂੰ ਉਸ ਸੂਫੀ ਫਕੀਰ ਨੇ ਇਹ ਤੱਥ ਵੀ ਸਪੱਸ਼ਟ ਰੂਪ 'ਚ ਦਰਸਾ ਦਿੱਤਾ ਕਿ ਪ੍ਰਗਟ ਹੋਈ ਇਹ ਰੱਬੀ ਰੂਹ ਹਿੰਦੂ ਅਤੇ ਇਸਲਾਮ ਦੋਨਾਂ ਮਤਾਂ ਦੀ ਲੋਕਾਈ ਦੀ ਸਾਂਝੀ ਪ੍ਰਤਿਭਾ ਸਿੱਧ ਹੋਵੇਗੀ, ਦੋਨਾਂ ਨੂੰ ਬਰਾਬਰ ਸਮਝੇਗੀ ਤੇ ਸੰਸਾਰ ਵਾਸਤੇ ਵੱਡੇ ਪੱਧਰ 'ਤੇ ਮਹਾਂਕਲਿਆਣਕਾਰੀ ਸਿੱਧ ਹੋਵੇਗੀ। ਆਉਣ ਵਾਲੇ ਇਤਿਹਾਸ ਨੇ ਇਸ ਭਵਿੱਖ ਬਾਣੀ ਨੂੰ ਪੂਰੀ ਤਰ੍ਹਾਂ ਸਹੀ ਸਾਬਿਤ ਕੀਤਾ। ਇੱਥੇ ਇਸ ਦੀ ਸਿਰਫ ਇਕ ਉਦਾਹਰਣ ਵੇਖੀ/ਵਿਚਾਰੀ ਜਾ ਸਕਦੀ ਹੈ। ਗੁਰੂ ਜੀ ਦੁਆਰਾ ਭਾਈ ਘਨੱਈਆ ਜੀ ਨੂੰ ਘਾਇਲ ਹੋਏ ਸਿੰਘਾਂ ਦੇ ਨਾਲ-ਨਾਲ ਵਿਰੋਧੀ ਮੁਗਲ ਫੌਜ ਦੇ ਘਾਇਲ ਸਿਪਾਹੀਆਂ ਨੂੰ ਵੀ ਜਲ ਛਕਾਉਣ ਬਦਲੇ ਭਰਪੂਰ ਥਾਪੜਾ ਬਖਸ਼ਿਆ ਅਤੇ ਨਾਲ ਹੀ ਸਮੂਹ ਘਾਇਲ ਸਿਪਾਹੀਆਂ ਦੇ ਜ਼ਖਮਾਂ 'ਤੇ ਮਲ੍ਹਮ ਪਾਉਣ ਦੀ ਸੇਵਾ ਵੀ ਸੌਂਪ ਦਿੱਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਕਾਲੀ ਮਗਲ ਸਾਮਰਾਜ ਨਾਲ ਸਾਰਾ ਜੀਵਨ ਹੀ ਅਤਿ ਸਖਤ ਜਦੋ-ਜਹਿਦ ਕਰਨੀ ਪਈ। ਗੁਰੂ ਜੀ ਦੇ ਵਿਸਮਾਦੀ ਵਿਅਕਤਿਤਵ ਤੋਂ ਖਾਰ ਖਾਣ ਵਾਲੇ ਹਿੰਦੂ ਪਹਾੜੀ ਰਾਜਿਆਂ ਨੇ ਇਹ ਜਦੋ-ਜਹਿਦ ਆਪਣੇ ਹੋਛੇ ਕਾਰਿਆਂ ਨਾਲ ਹੋਰ ਔਖੀ ਕਰ ਦਿੱਤੀ। ਫਿਰ ਇਹ ਜੱਦੋ-ਜਹਿਦ ਸਿਖਰਲੇ ਪੜਾਅ 'ਤੇ ਪੁੱਜ ਕੇ ਬਹੁਤ ਹੀ ਬਿਖਮ ਰੂਪ ਧਾਰ ਗਈ। ਇਸ ਹਾਲਤ ਵਿੱਚ ਉਨ੍ਹਾਂ ਦਾ ਸਾਰਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ ਅਤੇ ਫਿਰ ਤਾਂ ਬਹੁਤਾ ਪਰਿਵਾਰ ਸ਼ਹੀਦ ਹੀ ਹੋ ਗਿਆ।

ਇਕ ਪੜਾਅ 'ਤੇ ਗੁਰੂ ਜੀ ਦੇ ਹੁਕਮਾਂ ਦੀ ਤਾਮੀਲ ਕਰਨ ਲਈ ਹਰਦਮ ਤਿਆਰ-ਬਰ-ਤਿਆਰ ਰਹਿਣ ਵਾਲੇ ਖਾਲਸਾ ਪੰਥ ਦਾ ਹਿੱਸਾ ਉਨ੍ਹਾਂ ਦਾ ਸਾਥ ਵੀ ਛੱਡ ਗਿਆ ਪਰ ਉਸ ਹਿੱਸੇ ਨੇ ਵੀ ਆਪਣੀ ਭੁੱਲ ਛੇਤੀ ਹੀ ਸੁਧਾਰ ਲਈ ਤੇ ਜ਼ੁਲਮ ਵਿਰੁੱਧ ਚਲ ਰਹੀ ਜਦੋ-ਜਹਿਦ ਵਿੱਚ ਸਵੈ-ਇੱਛਾ ਨਾਲ ਜੁੜ ਸ਼ਾਮਲ ਹੋ ਕੇ ਗੁਰੂ ਜੀ ਤੇ ਉਨ੍ਹਾਂ ਦੇ ਖਾਲਸਾ ਪੰਥ ਦੀ ਸ਼ਾਨਦਾਰ ਫ਼ਤਹਿ ਕਰਨ ਵਿੱਚ ਭਰਵਾਂ ਹਿੱਸਾ ਪਾਇਆ ਅਤੇ ਪ੍ਰਾਣ ਨਿਛਾਵਰ ਕਰਕੇ



ਮੁਕਤਿਆਂ ਦੀ ਮਹਾਨਤਮ ਉਪਾਧੀ ਵੀ ਹਾਸਲ ਕੀਤੀ। ਇਸ ਪਿੱਛੇ ਵੀ ਜੇਕਰ ਡੂੰਘੀ ਦ੍ਰਿਸ਼ਟੀ ਨਾਲ ਦੇਖੀਏ-ਜਾਂਚੀਏ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਲਾਸਾਨੀ ਵਿਅਕਤਿਤਵ ਹੀ ਕਾਰਜਸ਼ੀਲ ਮਹਿਸੂਸ ਹੁੰਦਾ ਹੈ। ਗੁਰੂ ਜੀ ਸਨ ਜਿਨ੍ਹਾਂ ਬਾਲ-ਉਮਰੇ ਪਹਿਲਾਂ ਪਿਤਾ ਵਾਰਿਆ ਫਿਰ ਸਿਖਰਲੇ ਆਯੂ-ਪੜਾਅ 'ਚ ਚਾਰੋਂ ਸਾਹਿਬਜ਼ਾਦੇ ਵਾਰ ਦਿੱਤੇ। ਸਰਬੰਸ ਤੱਕ ਵਾਰ ਦਿੱਤਾ। ਫਿਰ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ।

ਗੁਰੂ ਜੀ ਦੇ ਲਾਸਾਨੀ ਵਿਅਕਤਿਤਵ ਦੀ ਹੀ ਇਕ ਵਿਸਮਾਦੀ ਸਿਰਜਨਾ ਸੀ ਬਾਬਾ ਬੰਦਾ ਸਿੰਘ ਬਹਾਦਰ, ਨਹੀਂ ਤਾਂ ਇਸ ਤੋਂ ਪਹਿਲਾਂ ਤਾਂ ਉਹ ਸਿਰਫ ਇਕ ਬੈਰਾਗੀ ਸਾਧੂ ਹੀ ਸੀ ਤਾਂ ਕੀ ਹੋਇਆ ਜੇ ਉਹ ਵੱਡਾ ਕਰਾਮਾਤੀ ਸੀ। ਗੁਰੂ ਜੀ ਨੇ ਇਸ ਬੈਰਾਗੀ ਸਾਧੂ ਨੂੰ ਅਨੁਭਵ ਕਰਾ ਦਿੱਤਾ ਸੀ ਕਿ ਡੇਰੇ ਆਉਣ ਵਾਲਿਆਂ ਨੂੰ ਕਰਾਮਾਤਾਂ ਵਿਖਾਉਣਾ ਜਾਂ ਪ੍ਰਭਾਵਿਤ ਕਰਨ ਦੇ ਹੀਲੇ-ਵਸੀਲੇ ਕਰਨਾ ਉਸ ਦੀ ਹੇਠਲੇ ਪੱਧਰ ਦੀ ਅਕਾਂਖਿਆ ਮਾਤਰ ਸੀ। ਗੁਰੂ ਜੀ ਦੇ ਥਾਪੜੇ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਨੇ ਭਾਰਤ ਭੂ-ਖੰਡ ਦੇ ਇਕ ਹਿੱਸੇ ਵਿੱਚ ਖਾਲਸਾ ਰਾਜ ਨੂੰ ਸਥਾਪਿਤ ਕਰਕੇ ਖਾਲਸਾਈ ਨਿਸ਼ਾਨ ਝੁਲਾ ਦਿੱਤਾ।

ਐਸੇ ਅਦੁੱਤੀ ਕਾਰਨਾਮੇ ਕਰਨ ਵਾਲੇ ਲਾਸਾਨੀ ਗੁਰੂ-ਵਿਅਕਤਿਤਵ ਨੂੰ ਉਨ੍ਹਾਂ ਦੇ ਪ੍ਰਗਟ ਦਿਵਸ 'ਤੇ ਕੁੱਲ ਸੰਸਾਰ ਸੁਭਾਵਿਕ ਹੀ ਸਿਰ ਝੁਕਾਉਂਦਾ ਤੇ ਚੇਤੇ ਕਰਦਾ ਹੈ। ਸਿੱਖ ਫੰਥ ਸਤਿਗੁਰਾਂ ਦਾ ਪ੍ਰਕਾਸ਼ ਪੁਰਬ ਸਿਰਫ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹੀ ਨਹੀਂ ਸਗੋਂ ਜਿੱਥੇ ਕਿਤੇ ਵੀ ਵੱਸਦਾ ਹੈ ਬੜੀ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਉਂਦਾ ਹੈ। ਸਾਨੂੰ ਸਤਿਗੁਰਾਂ ਦੇ ਜੀਵਨ-ਕਾਰਨਾਮਿਆਂ ਨੂੰ ਉਚੇਚੇ ਰੂਪ ਵਿੱਚ ਪੜ੍ਹਨਾ- ਵਾਚਨਾ ਚਾਹੀਦਾ ਹੈ ਜਿਸ ਦਾ ਸਦਕਾ ਅਸੀਂ ਉਨ੍ਹਾਂ ਦੁਆਰਾ ਦਰਸਾਏ ਅਣਖ ਤੇ ਸਵੈਮਾਨ ਦੇ ਰਾਹ ਤੇ ਤੁਰ ਕੇ ਆਪਣੀਆਂ ਵਰਤਮਾਨ ਪੰਥਕ ਤੇ ਕੌਮੀ ਸਮੱਸਿਆਵਾਂ 'ਚੋਂ ਨਿਕਲ ਸਕੀਏ ਅਤੇ ਖਾਲਸਾ ਪੰਥ ਦੀ ਸਦੀਵੀ ਚੜ੍ਹਦੀ ਕਲਾ ਦੀ ਮਾਨਸਿਕ-ਆਤਮਿਕ ਅਵਸਥਾ ਨੂੰ ਕਾਇਮ-ਕਾਇਮ ਰੱਖ ਸਕੀਏ।

# 'ਜਪੁ ਜੀ' ਦਾ ਪਉੜੀ-ਭਾਵ

**ਪ੍ਰੋ. ਸਾਹਿਬ ਸਿੰਘ**

(ਹ) **੧੬ ਤੋਂ ੧੯** - ਭਾਗਾਂ ਵਾਲੇ ਹਨ ਉਹ ਮਨੁੱਖ ਜਿਨ੍ਹਾਂ ਨੇ ਗੁਰੂ ਦੇ ਦੱਸੇ ਹੋਏ ਰਾਹ ਨੂੰ ਆਪਣੇ ਜੀਵਨ ਦਾ ਮਨੋਰਥ ਬਣਾਇਆ ਹੈ, ਜਿਨ੍ਹਾਂ 'ਨਾਮ' ਵਿਚ ਸੁਰਤਿ ਜੋੜੀ ਹੈ ਤੇ ਜਿਨ੍ਹਾਂ ਪ੍ਰਭੂ ਨਾਲ ਪਿਆਰ ਦਾ ਰਿਸ਼ਤਾ ਗੰਢਿਆ ਹੈ। ਇਸ ਰਾਹ 'ਤੇ ਤੁਰ ਕੇ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਉਹਨਾਂ ਨੂੰ ਭਾਉਂਦਾ ਹੈ। ਇਹ ਨਾਮ-ਸਿਮਰਨ ਦਾ 'ਧਰਮ' ਉਹਨਾਂ ਦੀ ਜ਼ਿੰਦਗੀ ਦਾ ਸਹਾਰਾ ਬਣਦਾ ਹੈ, ਜਿਸ ਕਰਕੇ ਉਹ ਸੰਤੋਖ ਵਾਲਾ ਜੀਵਨ ਬਿਤਾਉਂਦੇ ਹਨ।

ਪਰ ਇਸ ਬੰਦਗੀ ਦਾ ਇਹ ਸਿੱਟਾ ਨਹੀਂ ਨਿਕਲ ਸਕਦਾ ਕਿ ਕੋਈ ਮਨੁੱਖ ਪ੍ਰਭੂ ਦੀ ਰਚੀ ਸ੍ਰਿਸ਼ਟੀ ਦਾ ਅੰਤ ਪਾ ਸਕੇ। ਇਧਰ ਤਾਂ ਜਿਉਂ-ਜਿਉਂ ਵਧੀਕ ਡੂੰਘਾਈ ਵਿਚ ਜਾਉਗੇ, ਇਹ ਸ੍ਰਿਸ਼ਟੀ ਹੋਰ ਬੇਅੰਤ, ਹੋਰ ਬੇਅੰਤ ਜਾਪੇਗੀ। ਅਸਲ ਵਿਚ ਇਸ ਕੁਹਜੇ ਜਤਨ ਦਾ ਹੀ ਨਤੀਜਾ ਸੀ ਕਿ ਲੋਕਾਂ ਨੇ ਇਹ ਮਿਥ ਲਿਆ ਕਿ ਅਸਾਡੀ ਧਰਤੀ ਨੂੰ ਇਕ ਬਲਦ ਨੇ ਚੁੱਕਿਆ ਹੋਇਆ ਹੈ। ਪਰਮਾਤਮਾ ਤੇ ਉਸ ਦੀ ਕੁਦਰਤ ਦਾ ਅੰਤ ਲੱਭਣਾ, ਮਨੁੱਖ ਦੀ ਜ਼ਿੰਦਗੀ ਦਾ ਮਨੋਰਥ ਬਣ ਹੀ ਨਹੀਂ ਸਕਦਾ।੧੬।

ਨਹੀਂ ਤਾਂ, ਜਗਤ ਵਿਚ ਜੇ ਤੁਸੀਂ ਉਹਨਾਂ ਬੰਦਿਆਂ ਦੀ ਹੀ ਗਿਣਤੀ ਕਰਨ ਲੱਗੋ ਜੋ ਜਪ, ਤਪ, ਪੂਜਾ, ਧਾਰਮਿਕ ਪੁਸਤਕਾਂ ਦਾ ਪਾਠ, ਜੋਗ-ਸਮਾਧੀ ਆਦਿਕ ਭਲੇ ਕੰਮ ਕਰਦੇ ਚਲੇ ਆ ਰਹੇ ਹਨ ਤਾਂ ਇਹ ਲੇਖਾ ਮੁੱਕਣ ਜੋਗਾ ਹੀ ਨਹੀਂ।੧੭।

ਦੂਜੇ ਪਾਸੇ, ਜੇ ਤੁਸੀਂ ਚੋਰ, ਧਾੜਵੀ, ਠੱਗ, ਨਿੰਦਕ ਆਦਿਕ ਬੰਦਿਆਂ ਦਾ ਹਿਸਾਬ ਲਾਣ ਲੱਗੋ ਤਾਂ ਏਧਰ ਭੀ ਕੋਈ ਲੇਖਾ ਹੀ ਨਹੀਂ, ਜਦ ਤੋਂ ਜਗਤ ਬਣਿਆ ਹੈ, ਬੇਅੰਤ ਜੀਵ ਵਿਕਾਰਾਂ ਵਿਚ ਹੀ ਗ੍ਰਸੇ ਚਲੇ ਆ ਰਹੇ ਹਨ।੧੮।

ਭਲਾ ਕਿਤਨੀਆਂ ਧਰਤੀਆਂ ਤੇ ਕਿਤਨੇ ਕੁ ਜੀਵ ਪ੍ਰਭੂ ਨੇ ਰਚੇ ਹਨ? ਮਨੁੱਖਾਂ ਦੀ ਕਿਸੇ 'ਬੋਲੀ' ਵਿਚ ਕੋਈ ਐਸਾ ਲਫ਼ਜ਼ ਹੀ ਨਹੀਂ, ਜੋ ਇਹ ਲੇਖਾ ਦੱਸ ਸਕੇ।

'ਬੋਲੀ' ਭੀ ਪ੍ਰਭੂ ਵੱਲੋਂ ਇਕ ਦਾਤਿ ਮਿਲੀ ਹੈ, ਪਰ ਇਹ ਮਿਲੀ ਹੈ ਸਿਫ਼ਤਿ-ਸਾਲਾਹ ਕਰਨ ਲਈ। ਇਹ ਨਹੀਂ ਹੋ ਸਕਦਾ ਕਿ ਇਸ ਦੀ ਰਾਹੀਂ ਮਨੁੱਖ ਪ੍ਰਭੂ ਦਾ ਅੰਤ ਪਾ ਸਕੇ। ਵੇਖੋ! ਬੇਅੰਤ ਹੈ ਉਸ ਦੀ ਕੁਦਰਤਿ, ਤੇ ਇਸ ਵਿਚ ਜਿਧਰ ਤੱਕੋ ਉਹ ਆਪ ਹੀ ਆਪ ਮੌਜੂਦ ਹੈ। ਕੌਣ ਅੰਦਾਜ਼ਾ ਲਾ ਸਕਦਾ ਹੈ ਕਿ ਉਹ ਕੇਡਾ ਵੱਡਾ ਹੈ ਤੇ ਉਸ ਦੀ ਰਚਨਾ ਕਿਤਨੀ ਕੁ ਹੈ?।੧੯।

(ਕ) **੨੦ ਤੋਂ ੨੭** - ਮਾਇਆ ਦੇ ਪ੍ਰਭਾਵ ਦੇ ਕਾਰਨ ਮਨੁੱਖ ਵਿਕਾਰਾਂ ਵਿਚ ਪੈ ਜਾਂਦਾ ਹੈ ਤੇ ਇਸ ਦੀ ਮਤਿ ਮੈਲੀ ਹੋ ਜਾਂਦੀ ਹੈ। ਇਹ ਮੈਲ ਇਸ ਨੂੰ ਸੁੱਧ ਸਰੂਪ ਪਰਮਾਤਮਾ ਤੋਂ ਵਿਛੋੜੀ ਰੱਖਦੀ ਹੈ ਤੇ ਜੀਵ ਦੁਖੀ ਰਹਿੰਦਾ ਹੈ। ਨਾਮ-ਸਿਮਰਨ ਹੀ ਇਕੋ ਵਸੀਲਾ ਹੈ, ਜਿਸ ਨਾਲ ਮਨ ਦੀ ਇਹ ਮੈਲ ਧੁਪ ਸਕਦੀ ਹੈ। (ਸੋ ਸਿਮਰਨ ਤਾਂ ਵਿਕਾਰਾਂ ਦੀ ਇਹ ਮੈਲ ਧੋ ਕੇ ਮਨ ਨੂੰ ਪ੍ਰਭੂ ਨਾਲ ਮੇਲਣ ਵਾਸਤੇ ਹੈ, ਪ੍ਰਭੂ ਤੇ ਉਸ ਦੀ ਰਚਨਾ ਦਾ ਅੰਤ ਪਾਣ ਲਈ ਜੀਵ ਨੂੰ ਸਮਰੱਥ ਨਹੀਂ ਬਣਾ ਸਕਦਾ)।੨੦।

ਜਿਸ ਮਨੁੱਖ ਨੇ ਨਾਮ ਵਿਚ ਚਿੱਤ ਜੋੜਿਆ ਹੈ, ਜਿਸ ਨੂੰ ਸਿਮਰਨ ਦੀ ਲਗਨ ਲੱਗ ਗਈ ਹੈ, ਜਿਸ ਦੇ ਮਨ ਵਿਚ ਪ੍ਰਭੂ ਦਾ ਪਿਆਰ ਉਪਜਿਆ ਹੈ, ਉਸ ਦਾ ਆਤਮਾ ਸੁੱਧ ਪਵਿੱਤਰ ਹੋ ਜਾਂਦਾ ਹੈ। ਪਰ ਇਹ ਭਗਤੀ ਉਸ ਦੀ ਮਿਹਰ ਨਾਲ ਹੀ ਮਿਲਦੀ ਹੈ।

ਬੰਦਗੀ ਦਾ ਇਹ ਸਿੱਟਾ ਨਹੀਂ ਹੋ ਸਕਦਾ ਕਿ ਮਨੁੱਖ ਇਹ ਦੱਸ ਸਕੇ ਕਿ ਜਗਤ ਕਦੋਂ ਬਣਿਆ। ਨਾ ਪੰਡਿਤ, ਨਾ ਕਾਜ਼ੀ, ਨਾ ਜੋਗੀ, ਕੋਈ ਭੀ ਇਹ ਭੇਦ ਨਹੀਂ ਪਾ ਸਕੇ। ਪਰਮਾਤਮਾ ਬੇਅੰਤ ਵੱਡਾ ਹੈ, ਉਸ ਦੀ ਵਡਿਆਈ ਭੀ ਬੇਅੰਤ ਹੈ, ਉਸ ਦੀ ਰਚਨਾ ਭੀ ਬੇਅੰਤ ਹੈ।੨੧।

ਸੋ, ਬੰਦਗੀ ਨਾਲ ਪ੍ਰਭੂ ਦਾ ਅੰਤ ਨਹੀਂ ਪੈ ਸਕਦਾ। ਪਰ ਇਸ ਦਾ ਇਹ ਭਾਵ ਨਹੀਂ ਕਿ ਬੰਦਗੀ ਦਾ ਕੋਈ ਲਾਭ ਹੀ ਨਹੀਂ। ਬੰਦਗੀ ਦੀ ਬਰਕਤਿ ਨਾਲ ਮਨੁੱਖ ਸ਼ਾਹਾਂ ਪਾਤਸ਼ਾਹਾਂ ਦੀ ਭੀ ਪਰਵਾਹ ਨਹੀਂ ਕਰਦਾ, 'ਨਾਮ' ਦੇ ਸਾਹਮਣੇ ਬੇਅੰਤ ਧਨ ਭੀ ਉਸ ਨੂੰ ਤੁੱਛ ਜਾਪਦਾ ਹੈ।੨੩।

ਪ੍ਰਭੂ ਬੇਅੰਤ ਗੁਣਾਂ ਦਾ ਮਾਲਕ ਹੈ, ਉਸ ਦੀ ਕੀਤੀ ਰਚਨਾ ਭੀ ਬੇਅੰਤ ਹੈ। ਜਿਉਂ-ਜਿਉਂ ਇਹ ਆਖੀਏ ਕਿ ਉਹ ਵੱਡਾ ਹੈ ਤਿਉਂ-ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪਰਤੀਤ ਹੋਣ ਲੱਗ ਪੈਂਦਾ ਹੈ। ਜਗਤ ਵਿਚ ਨਾ ਕੋਈ ਉਸ ਪ੍ਰਭੂ ਜੇਡਾ ਹੈ ਤੇ ਇਸ ਵਾਸਤੇ ਨਾ ਕੋਈ ਦੱਸ ਸਕਦਾ ਹੈ ਕਿ ਪ੍ਰਭੂ ਕਿਤਨਾ ਵੱਡਾ ਹੈ।੨੪।

ਪ੍ਰਭੂ ਦੀ ਵਡਿਆਈ ਦੱਸਣੀ ਤਾਂ ਕਿਤੇ ਰਹੀ, ਉਸ ਦੀ ਬਖ਼ਸ਼ਸ਼ ਹੀ ਇਤਨੀ ਵੱਡੀ ਹੈ ਕਿ ਲਿਖਣ ਵਿਚ ਲਿਆਂਦੀ ਨਹੀਂ ਜਾ ਸਕਦੀ। ਜਗਤ ਵਿਚ ਜੋ ਵੱਡੇ-ਵੱਡੇ ਦਿਸਦੇ ਹਨ, ਇਹ ਸਭ ਉਸ ਪ੍ਰਭੂ ਦੇ ਦਰ ਤੋਂ ਹੀ ਮੰਗਦੇ ਹਨ। ਉਹ ਤਾਂ ਸਗੋਂ ਇਤਨਾ ਵੱਡਾ ਹੈ ਕਿ ਜੀਵਾਂ ਦੇ ਮੰਗਣ ਤੋਂ ਬਿਨਾਂ ਇਹਨਾਂ ਦੀਆਂ ਲੋੜਾਂ ਜਾਣ ਕੇ ਆਪਣੇ ਆਪ ਹੀ ਦਾਤਾਂ ਦੇਈ ਜਾਂਦਾ ਹੈ।

ਜੀਵ ਦੀ ਮੂਰਖਤਾ ਵੇਖੋ, ਦਾਤਾਂ ਵਰਤਦਾ ਵਰਤਦਾ ਦਾਤਾਰ ਨੂੰ ਵਿਸਾਰ ਕੇ ਵਿਕਾਰਾਂ ਵਿਚ ਪੈ ਜਾਂਦਾ ਹੈ ਤੇ ਕਈ ਦੁੱਖ-ਕਲੇਸ਼ ਸਹੇੜ ਲੈਂਦਾ ਹੈ। ਪਰ ਇਹ ਦੁੱਖ-ਕਲੇਸ਼ ਵੀ ਪ੍ਰਭੂ ਦੀ ਦਾਤਿ ਹੈ, ਕਿਉਂਕਿ ਇਹਨਾਂ ਦੁੱਖਾਂ-ਕਲੇਸ਼ਾਂ ਦੇ ਕਾਰਨ ਹੀ ਮਨੁੱਖ ਨੂੰ ਮੁੜ ਰਜ਼ਾ ਵਿਚ ਤੁਰਨ ਦੀ ਸਮਝ ਪੈਂਦੀ ਹੈ ਤੇ ਇਹ ਸਿਫ਼ਤਿ-ਸਾਲਾਹ ਕਰਨ ਲੱਗ ਪੈਂਦਾ ਹੈ। ਇਹ

ਸਿਫ਼ਤਿ-ਸਾਲਾਹ ਸਭ ਤੋਂ ਉੱਚੀ ਦਾਤਿ ਹੈ।੨੫।

ਜਗਤ ਵਿਚ ਬੇਅੰਤ ਵਿਦਵਾਨ ਹੋ ਚੁੱਕੇ ਹਨ ਤੇ ਪੈਦਾ ਹੁੰਦੇ ਰਹਿਣਗੇ। ਪਰ ਨਾ ਅਜੇ ਤੱਕ ਕੋਈ ਲੇਖਾ ਕਰ ਸਕਿਆ ਹੈ ਤੇ ਨਾ ਹੀ ਅਗਾਂਹ ਨੂੰ ਕੋਈ ਕਰ ਸਕੇਗਾ ਕਿ ਪ੍ਰਭੂ ਵਿਚ ਕਿਤਨੀਆਂ ਵਡਿਆਈਆਂ ਹਨ, ਕਿਤਨੀਆਂ ਬਖ਼ਸ਼ਸ਼ਾਂ ਜੀਵਾਂ ਉੱਤੇ ਕਰ ਰਿਹਾ ਹੈ। ਬੇਅੰਤ ਹਨ ਉਸ ਦੇ ਗੁਣ ਤੇ ਬੇਅੰਤ ਹਨ ਉਸ ਦੀਆਂ ਦਾਤਾਂ। ਇਸ ਭੇਦ ਨੂੰ ਉਸ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ। ਇਹ ਕੰਮ ਮਨੁੱਖ ਦੀ ਤਾਕਤ ਤੋਂ ਬਹੁਤ ਪਰੇ ਦਾ ਹੈ। ਉਸ ਮਨੁੱਖ ਨੂੰ ਹੋਛਾ ਜਾਣੋ ਜੋ ਪ੍ਰਭੂ ਦੇ ਗੁਣਾਂ ਤੇ ਦਾਤਾਂ ਦਾ ਹੱਦ-ਬੰਨਾ ਲੱਭ ਸਕਣ ਦਾ ਦਾਅਵਾ ਕਰਦਾ ਹੈ।੨੬।

ਕਈ ਰੰਗਾਂ ਦੀ, ਕਈ ਕਿਸਮਾਂ ਦੀ, ਕਈ ਜਿਨਸਾਂ ਦੀ, ਬੇਅੰਤ ਰਚਨਾ ਕਰਤਾ ਨੇ ਰਚੀ ਹੈ। ਇਸ ਬੇਅੰਤ ਸ੍ਰਿਸ਼ਟੀ ਦੀ ਸੰਭਾਲ ਭੀ ਉਹ ਆਪ ਹੀ ਆਪ ਕਰ ਰਿਹਾ ਹੈ, ਕਿਉਂਕਿ ਉਹ ਆਪ ਹੀ ਇਕ ਐਸਾ ਹੈ ਜੋ ਸਦਾ ਕਾਇਮ ਰਹਿਣ ਵਾਲਾ ਹੈ ਤੇ ਜਿਸ ਦਾ ਪਰਤਾਪ ਭੀ ਸਦਾ ਟਿਕਿਆ ਰਹਿਣ ਵਾਲਾ ਹੈ। ਜਗਤ ਵਿਚ ਐਸਾ ਕੌਣ ਹੈ ਜੋ ਇਹ ਦੱਸਣ ਦਾ ਦਮ ਮਾਰ ਸਕੇ ਕਿ ਕਿਹੋ ਜਿਹੇ ਅਸਥਾਨ 'ਤੇ ਬੈਠ ਕੇ ਉਹ ਸਿਰਜਣਹਾਰ ਇਸ ਬੇਅੰਤ ਰਚਨਾ ਦੀ ਸੰਭਾਲ ਕਰਦਾ ਹੈ? ਕਿਸੇ ਮਨੁੱਖ ਦੀ ਐਸੀ ਪਾਇਆਂ ਹੀ ਨਹੀਂ।

ਮਨੁੱਖ ਨੂੰ ਬੱਸ ਇਕੋ ਗੱਲ ਫਬਦੀ ਹੈ ਕਿ ਪ੍ਰਭੂ ਦੀ ਰਜ਼ਾ ਵਿਚ ਰਹੇ। ਇਹੀ ਹੈ ਵਸੀਲਾ ਪ੍ਰਭੂ ਨਾਲੋਂ ਵਿੱਥ ਮਿਟਾਉਣ ਦਾ, ਤੇ ਇਹੀ ਹੈ ਇਸ ਦੇ ਜੀਵਨ ਦਾ ਮਨੋਰਥ। ਵੇਖੋ! ਹਵਾ ਪਾਣੀ ਆਦਿਕ ਤੱਤਾਂ ਤੋਂ ਲੈ ਕੇ ਉੱਚੇ ਜੀਵਨ ਵਾਲੇ ਮਹਾਂਪੁਰਖਾਂ ਤੱਕ ਸਭ ਆਪੋ-ਆਪਣੀ ਹੋਂਦ ਦੇ ਮਨੋਰਥ ਨੂੰ ਸਫਲ ਕਰਨ ਦਾ ਜਤਨ ਕਰ ਰਹੇ ਹਨ, ਭਾਵ ਉਸ ਦੇ ਹੁਕਮ ਵਿਚ ਮਿਲੀ ਕਾਰ ਨੂੰ ਕਰੀ ਜਾ ਰਹੇ ਹਨ।੨੭।

ਇਸ ਲਗਨ ਦੀ ਬਰਕਤ ਨਾਲ ਉਹ ਸਾਰੇ ਬੰਧਨ ਟੁੱਟ ਜਾਂਦੇ ਹਨ, ਜਿਨ੍ਹਾਂ ਨੇ ਪ੍ਰਭੂ ਨਾਲੋਂ ਵਿੱਥ ਪਾਈ ਹੋਈ ਸੀ। ਐਸੀ ਲਗਨ ਵਾਲਾ ਬੰਦਾ ਨਿਰਾ ਆਪ ਹੀ ਨਹੀਂ ਬਚਦਾ, ਆਪਣੇ ਪ੍ਵਾਰ ਦੇ ਜੀਆਂ ਨੂੰ ਭੀ ਖਸਮ ਪ੍ਰਭੂ ਦੇ ਲੜ ਲਾ ਲੈਂਦਾ ਹੈ। ਇਹ ਦਾਤਿ ਜਿਨ੍ਹਾਂ ਨੂੰ ਗੁਰੂ ਤੋਂ ਮਿਲਦੀ ਹੈ, ਉਹ ਪ੍ਰਭੂ-ਦਰ ਤੋਂ ਖੁੰਝ ਕੇ ਹੋਰ ਪਾਸੇ ਨਹੀਂ ਭਟਕਦੇ॥15॥

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

## ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**


# ਏਤੁ ਮਾਰਗਿ ਜਾਣਾ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

**ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ**

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**
**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥**
**(ਅਨੰਦ ਰਾਮਕਲੀ ਮ: ੩)**

ਸਾਡੀ ਸੁਰਤ ਵਾਸਤੇ ਦੋ ਮਾਰਗ ਹਨ ਇਕ ਸ਼ਬਦ ਦਾ ਦੂਸਰਾ ਵਾਸ਼ਨਾ ਦਾ। ਇਕ ਮਾਰਗ ਸੱਤ ਹੈ ਦੂਸਰਾ ਭਰਮ ਹੈ। ਮਨੁੱਖ ਲਈ ਮੁਸ਼ਕਿਲ ਇਹ ਹੈ ਕਿ ਜੋ ਸੱਤ ਹੈ ਉਹ ਭਰਮ ਲੱਗਦਾ ਹੈ, ਜੋ ਭਰਮ ਹੈ ਉਹ ਸੱਤ ਮਹਿਸੂਸ ਹੁੰਦਾ ਹੈ। ਸ਼ਬਦ ਦਾ ਮਾਰਗ ਸੱਤ ਹੈ ਜੀਵ ਦੇ ਜਨਮ ਦਾ ਆਧਾਰ ਹੈ। ਜੀਵਨ ਦਾ ਆਧਾਰ ਹੈ, ਜੀਵਨ ਜੁਗਤਿ ਦਾ ਆਧਾਰ ਹੈ ਅਤੇ ਅਨੰਦ ਦਾ ਮਾਰਗ ਹੈ, ਪਰ ਇਸ ਜੀਵ ਦੀ ਕਿੰਨੀ ਔਖੀ ਪ੍ਰੀਖਿਆ ਹੈ ਕਿ ਸ਼ਬਦ ਦਾ ਮਾਰਗ ਇਕ ਭਰਮ ਲੱਗਦਾ ਹੈ ਤੇ ਭਰਮ ਵੀ ਐਸਾ ਕਿ ਜਿਵੇਂ ਸਮੁੰਦਰ ਵਿਚ ਰਹਿੰਦੀ ਹੋਈ ਇਕ ਮੱਛੀ ਆਖੇ ਕਿ ਮੈਂ ਤਾਂ ਮੰਨਦੀ ਹੀ ਨਹੀਂ ਪਾਣੀ ਹੈ, ਕਿਥੇ ਹੈ ਸਾਗਰ ਕਿਥੇ ਹੈ ਪਾਣੀ। ਖ਼ੈਰ ਮੱਛੀ ਨੂੰ ਤਾਂ ਸਮਝਾਇਆ ਜਾ ਸਕਦਾ ਹੈ ਕੋਈ ਮਛੇਰਾ ਆਏਗਾ, ਜਾਲ ਸੁੱਟੇਗਾ ਮੱਛੀ ਪਾਣੀ ਤੋਂ ਬਾਹਰ ਆ ਕੇ ਤੜਪੇਗੀ ਹੁਣ ਪਤਾ ਲੱਗੇਗਾ ਕਿ ਇਹ ਹੈ ਪਾਣੀ ਜਿਸ ਤੋਂ ਬਿਨਾਂ ਮੈਂ ਤੜਪ-ਤੜਪ ਕੇ ਮਰ ਰਹੀ ਹਾਂ।



ਪਰ ਮਨੁੱਖ ਦੀ ਹਾਲਤ ਤਾਂ ਇਸ ਮੱਛੀ ਤੋਂ ਵੀ ਬਦਤਰ ਹੈ। ਮੱਛੀ ਤਾਂ ਪਾਣੀ ਤੋਂ ਬਾਹਰ ਆ ਕੇ ਪਾਣੀ-ਪਾਣੀ ਯਾਦ ਕਰਦੀ ਮਰ ਜਾਂਦੀ ਹੈ। ਉਸ ਦੇ ਜਲੇ ਹੋਏ ਟੁਕੜੇ ਵੀ ਪਾਣੀ ਨੂੰ ਯਾਦ ਕਰਦੇ ਹਨ ਜਿਵੇਂ ਕਿ ਭਗਤ ਰਵਿਦਾਸ ਜੀ ਲਿਖਦੇ ਹਨ -

**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥**
**ਖੰਡ ਖੰਡ ਕਰਿ ਭੋਜਨੁ ਕੀਨੋ ਤਉ ਨ ਬਿਸਰਿਓ ਪਾਨੀ॥**
**(ਸੋਰਠਿ ਰਵਿਦਾਸ ਜੀ ਪੰਨਾ ੬੫੮)**

ਮਨੁੱਖ ਦਾ ਸਾਗਰ ਮੱਛੀ ਤੋਂ ਵਿਸ਼ਾਲ ਹੈ। ਮਨੁੱਖ ਦਾ ਸਾਗਰ ਪ੍ਰਮਾਤਮਾ ਸਰਬ ਵਿਆਪਕ ਹੈ। ਇਸ ਲਈ ਮਨੁੱਖ ਆਪਣੇ ਸਾਗਰ ਤੋਂ ਬਾਹਰ ਹੋ ਹੀ ਨਹੀਂ ਸਕਦਾ। ਮੱਛੀ ਆਪਣੇ ਸਾਗਰ ਤੋਂ ਵਿਛੜ ਸਕਦੀ ਹੈ ਕਿਉਂਕਿ ਮੱਛੀ ਦੇ ਸਾਗਰ ਦਾ ਕਿਨਾਰਾ ਹੈ, ਪਰ ਮਨੁੱਖ ਤਾਂ ਆਪਣੇ ਸਾਗਰ ਤੋਂ ਨਹੀਂ ਵਿਛੜ ਸਕਦਾ ਕਿਉਂਕਿ ਮਨੁੱਖ ਦੇ ਸਾਗਰ ਪ੍ਰਮਾਤਮਾ ਦਾ ਕੋਈ ਕਿਨਾਰਾ ਨਹੀਂ। ਮੱਛੀ ਤਾਂ ਪਾਣੀ ਤੋਂ ਵਿਛੜ ਕੇ ਰੋਂਦੀ ਹੈ ਤੇ ਪਾਣੀ ਨੂੰ ਯਾਦ ਕਰਦੀ ਹੈ। ਪਰ ਇਹ ਮਨੁੱਖ ਐਸਾ ਹੈ ਇਹ ਸਾਗਰ ਵਿਚ ਰਹਿੰਦਾ ਹੋਇਆ ਆਪਣੇ ਸਾਗਰ ਨੂੰ ਭੁੱਲ ਕੇ ਦੁਖੀ ਹੁੰਦਾ ਹੈ ਤੇ ਇਹ ਆਪਣੇ ਸਾਗਰ ਪ੍ਰਮਾਤਮਾ ਨੂੰ ਯਾਦ ਕਰਨ ਦੀ ਬਜਾਏ ਮਛੇਰੇ ਨੂੰ ਯਾਦ ਕਰਦਾ ਹੈ। ਇਹ ਜਾਲ ਨੂੰ ਯਾਦ ਕਰਦਾ ਹੈ। ਇਹ ਮੁਕਤ ਕਰਨ ਵਾਲੇ ਗੁਰੂ ਨੂੰ ਯਾਦ ਨਹੀਂ ਕਰਦਾ, ਇਹ ਮਾਇਆ ਨੂੰ ਯਾਦ ਕਰਦਾ ਹੈ। ਜਿਸ ਮਾਇਆ ਦੇ ਕਾਰਨ ਪਹਿਲੇ ਦੁਖੀ ਹੋਇਆ ਫਿਰ ਉਸੇ ਮਾਇਆ ਨੂੰ ਹੀ ਦੁੱਖ ਦਾ ਦਾਰੂ ਸਮਝਦਾ ਹੈ। ਇਸ ਨੂੰ ਸਮਝ ਨਹੀਂ ਆਉਂਦੀ ਕਿ ਮੇਰੇ ਦੁੱਖ ਦਾ ਮੂਲ ਕਾਰਨ ਮਾਇਆ ਹੀ ਹੈ, ਇਸ ਤੋਂ ਮੁਕਤ ਹੋ ਜਾਵਾਂ ਤਾਂ ਸੁਖੀ ਹਾਂ। ਇਹੋ ਹੀ ਤਾਂ ਭਰਮ ਹੈ-ਮੋਹ ਦਾ ਜਾਲ ਹੈ। ਜੀਵਨ ਮਨੋਰਥ ਤਾਂ ਇਹ ਹੈ ਕਿ ਇਹ ਭਰਮ ਜਿਉਂਦਿਆਂ ਹੀ ਟੁੱਟ ਜਾਏ ਤੇ ਦੁੱਖ ਵੇਲੇ ਜੀਵ ਜਾਲ ਨੂੰ ਯਾਦ ਨਾ ਕਰੇ। ਜਾਲ ਕੱਟਣ ਵਾਲੇ ਬੰਦੀ ਛੋੜ ਸ਼ਬਦ ਗੁਰੂ ਨੂੰ ਯਾਦ ਕਰੇ, ਪਰ ਨਹੀਂ, ਇਹ ਮਾਇਆ ਤੇ ਮਾਇਆ ਤੋਂ ਉਪਜੀ ਵਾਸ਼ਨਾ ਦੀ ਸ਼ਰਣ ਛੱਡਦਾ ਨਹੀਂ। ਇਹ ਭਰਮ ਟੁੱਟਦਾ ਜ਼ਰੂਰ ਹੈ ਪਰ ਉਸ ਵੇਲੇ, ਜਦੋਂ ਇਹ ਸੰਸਾਰ ਤੋਂ ਤੁਰਨ ਲੱਗਦਾ ਹੈ। ਮਾਇਆ ਦੀ ਬੇਵਫ਼ਾਈ ਪ੍ਰਤੱਖ ਤੌਰ 'ਤੇ ਸਾਹਮਣੇ ਆ ਜਾਂਦੀ ਹੈ ਪਰ ਹੁਣ ਸਮਝਿਆ ਤਾਂ ਕੀ ਸਮਝਿਆ, ਕੰਮ ਕਰ ਸਕਣ ਦੇ ਸਮੇਂ ਦੇ ਮੁੱਕ ਜਾਣ ਤੋਂ ਬਾਅਦ ਸਮਝ ਆਈ ਕਿ ਕੀ ਕਰਨਾ ਚਾਹੀਦਾ ਸੀ। ਇਸ ਦਾ ਫਲ ਤਾਂ ਸਿਰਫ਼ ਪਛਤਾਵਾ ਹੀ ਹੋ ਸਕਦਾ ਹੈ।

ਸਤਿਗੁਰੂ ਨਾਨਕ ਦੇਵ ਫ਼ੁਰਮਾਉਂਦੇ ਹਨ -

**ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ॥**
**ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ॥**
**(ਰਾਗ ਆਸਾ ਮ: ੧, ਪੰਨਾ ੪੩੯)**

ਪ੍ਰਮਾਤਮਾ ਸਭ ਕੁਛ ਹੀ ਦੇਂਦਾ ਹੈ ਉਹ ਸਾਗਰ ਤਾਂ ਵਾਰ-ਵਾਰ ਬੁਲਾ ਰਿਹਾ ਹੈ ਕਿ ਜੇ ਜੀਵ! ਤੂੰ ਮੇਰੇ ਪਾਸ ਆ। ਤੂੰ ਮੇਰੀ ਅੰਸ਼ ਹੈ, ਤੂੰ ਸਾਗਰ ਦੀ ਬੂਦ ਹੈ। ਮੇਰੇ ਕੋਲ ਜੋ ਹੈ ਸਭ ਕੁਛ ਤੇਰਾ ਹੀ ਹੈ। ਤੈਨੂੰ ਇਹ ਕਿਉਂ ਭਰਮ ਹੈ ਕਿ ਤੂੰ ਮੇਰੇ ਤੋਂ ਵੱਖ ਹੈ। ਆ ਮੇਰੇ ਪਾਸ ਆ। ਪਰ ਮਾਇਆ ਵਿਚ ਆ ਜਾਂਦੀ ਹੈ। ਮਾਇਆ ਕਹਿੰਦੀ ਹੈ ਨਾ ਜਾਈਂ ਏਡਾ ਵੱਡਾ ਸਾਗਰ ਤੈਨੂੰ ਖਾ ਜਾਏਗਾ। ਵੇਖ ਪਹਿਲੀਆਂ ਬੂੰਦਾਂ ਜੋ ਗਈਆਂ ਹਨ ਕਿਤੇ ਨਜ਼ਰ ਆਉਂਦੀਆਂ ਹਨ। ਤੂੰ ਮੇਰੀ ਮੰਨ ਜੇ ਆਪਣੀ ਹਸਤੀ ਕਾਇਮ ਰੱਖਣੀ ਹੈ ਤਾਂ ਮੈਂ ਤੇਰੀ ਸਹਾਇਤਾ ਲਈ ਤਿਆਰ ਹਾਂ। ਮੈਂ ਤੈਨੂੰ ਇਸਦੇ ਮੁਕਾਬਲੇ ਦਾ ਸਾਗਰ ਬਣਾਵਾਂਗੀ। ਮੈਂ ਤੈਨੂੰ ਇਸ ਤੋਂ ਵੀ ਵੱਡਾ ਰਾਜਾ ਬਣਾਵਾਂਗੀ। ਜਿਵੇਂ ਇਸ ਨੇ ਬੂੰਦਾਂ ਇਕੱਠੀਆਂ ਕੀਤੀਆਂ ਹਨ ਤੇ ਇਹ ਸਾਗਰ ਬਣ ਗਿਆ ਹੈ, ਤੂੰ ਹਿੰਮਤ ਨਹੀਂ ਕਰ ਸਕਦਾ, ਕਰ ਹਿੰਮਤ ਵੇਖ ਕਿਤਨਾ ਕੁਝ ਸੰਸਾਰ ਵਿਚ ਪਿਆ ਹੈ। ਸਿਰਫ਼ ਇਕੱਠੇ ਕਰਨ ਦੀ ਲੋੜ ਹੈ। ਤੂੰ ਹਿੰਮਤ ਕਰੇਂ ਤਾਂ ਇਕੱਠਾ ਕਰ ਸਕਦਾ ਹੈਂ।

ਮਾਇਆ ਦੀ ਧੀ ਵਾਸ਼ਨਾ ਜੀਵ ਦੇ ਅੰਦਰ ਵੱਸ ਜਾਂਦੀ ਹੈ। ਇਹ ਜੀਵ ਵਾਸ਼ਨਾ ਦੇ ਪਿੱਛੇ ਤੁਰ ਪੈਂਦਾ ਹੈ ਸ਼ਬਦ ਦਾ ਪੱਲਾ ਛੱਡ ਦੇਂਦਾ ਹੈ। ਇਹ ਸੱਚ ਹੈ ਕਿ ਵਾਸ਼ਨਾ ਨੇ ਅੱਜ ਤੱਕ ਸਿਰਫ਼ ਲਾਰੇ ਹੀ ਦਿੱਤੇ ਹਨ। ਅਸਲ ਵਿਚ ਕਿਸੇ ਨੂੰ ਵੀ ਕੁਝ ਨਹੀਂ ਦਿੱਤਾ। ਲਾਰੇ ਇਹ ਹਨ ਅੱਜ ਮਿਲ ਜਾਏਗਾ ਕੱਲ੍ਹ ਮਿਲ ਜਾਏਗਾ। ਭੁੱਖ ਤੇ ਥਕਾਨ ਜ਼ਰੂਰ ਵਧਦੀ ਹੈ ਪਰ ਤ੍ਰਿਪਤੀ ਅੱਜ ਤੱਕ ਕਿਸੇ ਦੀ ਨਹੀਂ ਹੋਈ। ਦੌੜ-ਦੌੜ ਕੇ ਬੰਦਾ ਥੱਕ ਜਾਂਦਾ ਹੈ ਆਖਰ ਮਰ ਜਾਂਦਾ ਹੈ ਤੇ ਮਰਦਿਆਂ ਇੰਨਾ ਬੇਹੋਸ਼ ਹੋ ਕੇ ਮਰਦਾ ਹੈ ਕਿ ਕਿਸੇ ਦੂਸਰੇ ਨੂੰ ਆਪਣਾ ਅਨੁਭਵ ਦੱਸ ਵੀ ਨਹੀਂ ਸਕਦਾ ਕਿ ਜਿਸ ਮਾਰਗ 'ਤੇ ਮੈਂ ਆਪਣਾ ਜੀਵਨ ਬਰਬਾਦ ਕੀਤਾ ਹੈ ਇਹ ਗਲਤ ਸੀ ਤੇ ਭਰਮ ਭੁਲੇਖਾ ਸੀ। ਜਿਥੇ ਦੌੜ-ਦੌੜ ਕੇ ਪਿਤਾ ਮਰ ਜਾਂਦਾ ਹੈ ਉਥੋਂ ਹੀ ਪੁੱਤਰ ਦੌੜ ਸ਼ੁਰੂ ਕਰ ਦਿੰਦਾ ਹੈ। ਇਸ ਦੀ ਹਾਲਤ 'ਤੇ ਫਿਰ ਤਰਸ ਆਉਂਦਾ ਹੈ। ਸ਼ਬਦ ਗੁਰੂ ਫਿਰ ਰੌਸ਼ਨੀ ਦਿੰਦੇ ਹਨ ਕਿ ਖੂਹ ਵਿਚ ਨਾ ਡਿਗ। ਇੱਧਰ ਮੇਰੇ ਵੱਲ ਆ ਜਾ। ਤੂੰ ਦੱਸ ਇਸ ਮਾਇਆ ਦੇ ਚੱਕਰ ਵਿਚ ਤਾਂ ਤੇਰੇ ਵੱਡੇ ਵਡੇਰੇ ਮਰ ਗਏ ਹਨ। ਕਿਸੇ ਨੇ ਅੱਜ ਤੱਕ ਮਾਇਆ ਦੇ ਕਾਰਜ ਪੂਰੇ ਕੀਤੇ ਹਨ? ਇਹ ਮਾਰਗ ਹੈ ਹੀ ਨਹੀਂ। ਇਹ ਮਾਰਗ ਦਾ ਭਰਮ ਹੈ ਇਹ ਹਰਿ ਚੰਦੌਉਰੀ ਹੈ ਇਹ ਠਗਨੀਰਾ ਹੈ।

**ਕਰਿ ਕਰਿ ਥਾਕੇ ਵਡੇ ਵਡੇਰੇ॥**
**ਕਿਨਹੀ ਨ ਕੀਏ ਕਾਜ ਮਾਇਆ ਪੂਰੇ॥**

**ਹਰਿ ਹਰਿ ਨਾਮੁ ਜਪੈ ਜਨ ਕੋਇ॥**
**ਤਾਕੀ ਆਸਾ ਪੂਰਨ ਹੋਇ॥**
**(ਰਾਮਕਲੀ ਮ :੫, ਪੰਨਾ : ੮੮੯)**

ਪ੍ਰਮਾਤਮਾ ਦੇ ਮੰਦਰ ਨੂੰ ਇਸ ਜੀਵ ਨੇ ਸਾਹਸੀਆਂ ਦਾ ਡੇਰਾ ਬਣਾ ਛੱਡਿਆ ਹੈ। ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਿਵੇਂ ਸਾਹਸੀਆਂ ਨੇ ਕੁੱਤੇ-ਕੁੱਤੀਆਂ ਰੱਖੇ ਹਨ ਤੇ ਸਵੇਰੇ ਉਠ ਕੇ ਸ਼ਿਕਾਰ ਨੂੰ ਚੱਲ ਪੈਂਦੇ ਹਨ। ਸਵੇਰੇ-ਸਵੇਰੇ ਕੁੱਤੀਆਂ ਤੇ ਕੁੱਤੇ ਰਲ ਕੇ ਭੌਂਕਦੇ ਹਨ। ਜਿਥੇ ਇਕ ਕੁੱਤਾ ਹੀ ਭੌਂਕਦਾ ਹੋਵੇ ਉਥੇ ਸ਼ਾਂਤੀ ਨਹੀਂ ਰਹਿ ਸਕਦੀ ਪਰ ਜਿਥੇ ਬਹੁਤੇ ਭੌਂਕਦੇ ਹੋਣ ਉਥੇ ਉਸ ਘਰ ਵਿਚ ਕੀ ਹਾਲ ਹੋਵੇਗਾ। ਇਹ ਅੰਦਾਜ਼ਾ ਆਪ ਲਗਾ ਸਕਦੇ ਹਾਂ। ਇਕ ਲੋਭ ਰੂਪੀ ਕੁੱਤਾ ਤੇ ਆਸ਼ਾ ਤੇ ਤ੍ਰਿਸ਼ਨਾ ਦੋ ਕੁੱਤੀਆਂ ਅੰਮ੍ਰਿਤ ਵੇਲੇ ਹੀ ਇਸ ਮਨੁੱਖ ਦੇ ਹਿਰਦੇ ਵਿਚ ਭੌਂਕਣ ਲੱਗ ਪੈਂਦੀਆਂ ਹਨ। ਵਾਸ਼ਨਾ-ਗ੍ਰਸਤ ਜੀਵ ਕੂੜ ਦਾ ਛੁਰਾ ਬੰਨ੍ਹ ਕੇ ਤੁਰਦਾ ਹੈ। ਪਰਾਇਆ ਹੱਕ ਮੁਰਦਾਰ ਖਾਂਦਾ ਹੈ। ਇਸਦਾ ਧਾਣਕ ਰੂਪ ਹੈ। ਸਤਿਗੁਰਾਂ ਨੇ ਅਕਾਲ ਪੁਰਖ ਅੱਗੇ ਜੋਦੜੀ ਕਰਨ ਲਈ ਤੇ ਜੀਵ ਦਾ ਅਸਲ ਹਿਰਦਾ ਵਿਖਾਉਣ ਲਈ ਇਹ ਸ਼ਬਦ ਆਪਣੇ ਨਾਲ ਜੋੜਿਆ ਹੈ ਕਿ ਮੇਰੀ ਇਹ ਹਾਲਤ ਹੈ:

**ਏਕੁ ਸੁਆਨੁ ਦੁਇ ਸੁਆਨੀ ਨਾਲਿ॥**
**ਭਲਕੇ ਭਉਕਹਿ ਸਦਾ ਬਇਆਲਿ॥**
**ਕੂੜੁ ਛੁਰਾ ਮੁਠਾ ਮੁਰਦਾਰੁ॥**
**ਧਾਣਕ ਰੂਪਿ ਰਹਾ ਕਰਤਾਰ॥**
**(ਸਿਰੀ ਰਾਗ ਮ : ੧, ਪੰਨਾ ੨੪)**

ਰੱਬ ਦੇ ਰੂਪ ਇਸ ਜੀਵ ਦੀ ਕਿੰਨੀ ਦੁਰਦਸ਼ਾ ਹੈ। ਜਿਹੜਾ ਮਨੁੱਖ ਸਿਰਫ਼ ਭਟਕਿਆ ਹੀ ਹੋਵੇ ਮਿਲਿਆ ਕੁਝ ਵੀ ਨਾ ਹੋਵੇ, ਨਾ ਕੁਝ ਖਾਣ ਲਈ ਨਾ ਕੁਝ ਪਾਣ ਲਈ। ਸਵੇਰ ਤੋਂ ਸ਼ਾਮ ਤੱਕ ਭਟਕਦਾ ਰਿਹਾ ਹੋਵੇ ਜਿਵੇਂ ਕਿ ਕਈ ਮਾਸੂਮ ਬੱਚੇ ਮੇਲਿਆਂ ਵਿਚ ਗਵਾਚ ਜਾਂਦੇ ਹਨ। ਜਦੋਂ ਸ਼ਾਮ ਨੂੰ ਮਾਂ ਬਾਪ ਨੂੰ ਮਿਲਦੇ ਹਨ ਤਾਂ ਉਨ੍ਹਾਂ ਦੀ ਕੀ ਦਸ਼ਾ ਹੁੰਦੀ ਹੈ। ਇਹ ਤਾਂ ਇਕ ਦਿਨ ਦੀ ਗੱਲ ਹੈ ਪਰ ਇਹ ਜੀਵ ਤਾਂ ਪੂਰਾ ਜਨਮ ਹੀ ਭਟਕਦਾ ਹੈ। ਕਈ ਜਨਮ ਭਟਕਦਾ ਫਿਰਦਾ ਹੈ। ਮਾਇਆ ਲਾਰੇ ਲਾਈ ਜਾਂਦੀ ਹੈ-ਥੋੜ੍ਹਾ ਹੋਰ ਅੱਗੇ ਹੋ ਬਸ ਤ੍ਰਿਪਤੀ ਮਿਲੀ ਕਿ ਮਿਲੀ। ਪਰ ਇਹ ਪਿਆਸੇ ਹਰਨ ਵਾਂਗੂੰ ਦੌੜਦਾ-ਦੌੜਦਾ ਹੀ ਮਰ ਜਾਂਦਾ ਹੈ ਪਰ ਮੰਜ਼ਿਲ ਨਹੀਂ ਆਉਂਦੀ-ਲਾਰੇ ਮਿਲਦੇ ਹਨ ਲੰਗਰ ਨਹੀਂ ਮਿਲਦਾ।

ਕਬੀਰ ਸਾਹਿਬ ਨੇ ਬੜਾ ਸੁੰਦਰ ਦ੍ਰਿਸ਼ਟਾਂਤ ਦਿੱਤਾ ਹੈ ਕਿ ਜਿਵੇਂ ਕੋਈ ਪਨਿਹਾਰੀ ਉਸ ਖੂਹੀ ਵਿਚੋਂ ਪਾਣੀ ਭਰਨ ਦਾ ਯਤਨ ਕਰ ਰਹੀ ਹੋਵੇ ਜਿਸ ਖੂਹੀ ਵਿਚ ਪਾਣੀ ਦਾ ਭੁਲੇਖਾ ਪੈ ਰਿਹਾ ਹੈ ਪਰ ਪਾਣੀ ਹੈ ਨਹੀਂ। ਆਖਰ ਹੁੰਦਾ ਕੀ ਹੈ। ਵਾਰ-ਵਾਰ ਖੂਹੀ ਵਿਚ ਘੜੀ

ਵਗਾਉਂਦੀ ਹੈ ਆਖਰ ਲੱਜ ਟੁੱਟ ਜਾਂਦੀ ਹੈ। ਪਨਿਹਾਰੀ ਨਿਰਾਸ਼ ਹੋ ਕੇ ਚਲੀ ਜਾਂਦੀ ਹੈ ਕਿ ਇੰਨਾ ਸਮਾਂ ਵੀ ਬਰਬਾਦ ਹੋਇਆ ਅਤੇ ਖੇਚਲ ਵੀ ਹੋਈ ਤੇ ਪਾਣੀ ਫਿਰ ਵੀ ਨਹੀਂ ਪ੍ਰਾਪਤ ਹੋਇਆ। ਇਹ ਜਗਤ ਤ੍ਰਿਸ਼ਨਾ ਦੀ ਖੂਹੀ ਹੈ। ਵਾਸ਼ਨਾ ਦੀ ਘੜੀ ਹੈ ਅਤੇ ਸਵਾਸਾਂ ਦੀ ਡੋਰੀ ਲੱਜ ਹੈ। ਆਖਰ ਹੁੰਦਾ ਕੀ ਹੈ ਸਵਾਸਾਂ ਦੀ ਡੋਰੀ ਟੁੱਟ ਜਾਂਦੀ ਹੈ ਤੇ ਜੀਵ ਇਸਤ੍ਰੀ ਪਨਿਹਾਰੀ ਨਿਰਾਸ਼ ਹੋ ਕੇ ਉਠ ਕੇ ਤੁਰ ਪੈਂਦੀ ਹੈ।

**ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ॥**
**ਲਾਜੁ ਘੜੀ ਸਿਉ ਤੂਟਿ ਪੜੀ, ਉਠਿ ਚਲੀ ਪਨਿਹਾਰੀ॥**
**(ਗਉੜੀ ਕਬੀਰ ਜੀ, ਪੰਨਾ ੩੩੩)**

ਜਿਸ ਨੂੰ ਇਹ ਸਮਝ ਆ ਜਾਵੇ ਕਿ ਜੇ ਸੰਸਾਰ ਮਿਥਿਆ ਹੈ ਤਾਂ ਫਿਰ ਸੰਸਾਰ ਦੀ ਆਸ ਵੀ ਮਿਥਿਆ ਹੈ। ਇਹ ਸੰਸਾਰ ਦੀ ਆਸ ਐਸੀ ਹੈ ਕਿ ਜਿਸ ਵਿਚ ਸਿਰਫ਼ ਦੁਖ ਹੀ ਦੁਖ ਹੈ। ਇਹ ਜਿਸ ਨੂੰ ਮਿਲ ਗਿਆ ਹੈ ਉਹ ਵੀ ਰੋਂਦਾ ਹੈ। ਜਿਸ ਨੂੰ ਨਹੀਂ ਮਿਲਿਆ ਉਹ ਵੀ ਰੋਂਦਾ ਹੈ। ਜਿਸ ਨੂੰ ਨਹੀਂ ਮਿਲਿਆ ਉਹ ਇਸ ਲਈ ਰੋਂਦਾ ਹੈ ਕਿ ਜੇ ਮਿਲ ਜਾਂਦਾ ਤਾਂ ਪਤਾ ਨਹੀਂ ਕਿੰਨਾ ਕੁ ਸੁਖ ਮਿਲ ਜਾਂਦਾ। ਮੈਂ ਉਸ ਸੁਖ ਤੋਂ ਵਾਂਝਾ ਰਹਿ ਗਿਆ ਹਾਂ, ਪਰ ਜਿਸ ਨੂੰ ਮਿਲ ਗਿਆ ਉਹ ਰੋਂਦਾ ਹੈ ਕਿ ਇਸ ਦੇ ਮਿਲਣ ਨਾਲ ਸਿਰਫ ਦੁਖ ਹੀ ਮਿਲਿਆ ਹੈ। ਦੋ ਮਨੁੱਖ ਪਾਗਲ ਹੋ ਗਏ। ਉਨ੍ਹਾਂ ਦੋਵਾਂ ਬਾਰੇ ਛਾਣਬੀਨ ਕੀਤੀ ਗਈ ਕਿ ਇਹ ਪਾਗਲ ਕਿਉਂ ਹੋਏ ਹਨ।

ਪਤਾ ਲੱਗਾ ਕਿ ਦੋਵੇਂ ਹੀ ਪੁੱਤਰ ਦੇ ਕਾਰਨ ਇਕ ਨੂੰ ਪੁੱਤਰ ਨਹੀਂ ਮਿਲਿਆ ਪਤਨੀ ਨੇ ਸ਼ਰੀਕੇ ਦੇ ਤਾਅਨੇ ਮਿਹਣਿਆਂ ਤੋਂ ਤੰਗ ਆ ਕੇ ਖੁਦਕਸ਼ੀ ਕਰ ਲਈ। ਉਹ ਦੁਖੀ ਸੀ ਕਿ ਪੁੱਤਰ ਮਿਲ ਜਾਂਦਾ ਤਾਂ ਪਤਨੀ ਨਾ ਮਰਦੀ ਇਹ ਪਾਗਲ ਹੋ ਗਿਆ।

ਦੂਸਰੇ ਨੂੰ ਪੁੱਤਰ ਮਿਲ ਗਿਆ ਪਰ ਉਹ ਇੰਨਾ ਬੁਰਾ ਨਿਕਲਿਆ ਕਿ ਮਾਂ ਨੇ ਕੁਕਰਮਾਂ ਤੋਂ ਰੋਕਿਆ ਤਾਂ ਉਸ ਨੇ ਮਾਂ ਨੂੰ ਕਤਲ ਹੀ ਕਰ ਦਿੱਤਾ। ਇਸ ਦੁੱਖ ਦੇ ਕਾਰਨ ਬਾਪ ਪਾਗਲ ਹੋ ਗਿਆ। ਦੋਵੇਂ ਹੀ ਪੁੱਤਰ ਦੇ ਕਾਰਨ ਪਾਗਲ ਹੋ ਗਏ। ਜਿਸ ਨੂੰ ਪੁੱਤਰ ਮਿਲਿਆ ਉਹ ਵੀ, ਜਿਸ ਨੂੰ ਨਹੀਂ ਮਿਲਿਆ ਉਹ ਵੀ। ਇਸ ਸੰਸਾਰ ਦੀ ਆਸ਼ਾ ਵਿਚੋਂ ਸਿਰਫ਼ ਦੁੱਖ ਹੀ ਮਿਲਦਾ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ –

**ਆਸਾ ਵਿਚਿ ਅਤਿ ਦੁਖ ਘਣਾ ਮਨਮੁਖਿ ਚਿਤੁ ਲਾਇਆ॥**
**ਗੁਰਮੁਖਿ ਭਏ ਨਿਰਾਸ ਪਰਮ ਸੁਖ ਪਾਇਆ॥**
**(ਸਾਰਗ ਕੀ ਵਾਰ ਮ : ੪,**
**ਪਉੜੀ ਨੰ. ੩੧, ਪੰਨਾ ੧੨੪੯)**

ਕਬੀਰ ਸਾਹਿਬ ਫ਼ੁਰਮਾਉਂਦੇ ਹਨ ਜਿਨ੍ਹਾਂ 'ਤੇ ਅਕਾਲ ਪੁਰਖ ਦੀ ਮਿਹਰ ਹੋ ਜਾਂਦੀ ਹੈ।

**ਸਾਹਿਬ ਹੋਇ ਦਇਆਲੁ ਕ੍ਰਿਪਾ ਕਰੇ, ਅਪੁਨਾ ਕਾਰਜੁ ਸਵਾਰੇ॥**
**ਤਾ ਸੋਹਾਗਣਿ ਜਾਣੀਐ, ਗੁਰ ਸਬਦੁ ਬੀਚਾਰੇ॥**
**(ਗਉੜੀ ਕਬੀਰ ਜੀ, ਪੰਨਾ ੩੩੩)**

ਫਿਰ ਐਸੀ ਜੀਵ ਇਸਤ੍ਰੀ ਸੰਸਾਰ ਦੀ ਇੱਛਾ ਰੂਪੀ ਖੂਹੀ ਤੋਂ ਪਾਣੀ ਨਹੀਂ ਭਰਦੀ। ਉਸ ਦੀ ਸੁਰਤ ਵਾਸ਼ਨਾ ਦੇ ਪਿੱਛੇ ਨਹੀਂ ਚੱਲਦੀ। ਉਸ ਦਾ ਮਾਰਗ ਸ਼ਬਦ ਬਣ ਜਾਂਦਾ ਹੈ। ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਨੇ ਆਪਣੀ ਹਉਮੈ ਤਿਆਗ ਦਿੱਤੀ ਹੈ ਪਰਮਾਤਮਾ ਦੀ ਯਾਦ ਵਿਚ ਉਨ੍ਹਾਂ ਦੀ ਵਾਸ਼ਨਾ ਦਾ ਅੰਧਕਾਰ ਮਿਟ ਜਾਂਦਾ ਹੈ। ਸ਼ਬਦ ਦੇ ਪ੍ਰਕਾਸ਼ ਦੇ ਸਾਹਮਣੇ ਵਾਸ਼ਨਾ ਦਾ ਅੰਧਕਾਰ ਨਹੀਂ ਰਹਿ ਸਕਦਾ। ਫਿਰ ਇਹ ਪਨਿਹਾਰੀ ਸਤਿਗੁਰੂ ਦੇ ਪਿੱਛੇ ਚੱਲਦੀ ਹੈ। ਜਦੋਂ ਸੁਰਤ ਪਨਿਹਾਰੀ ਅੰਤਰਮੁਖੀ ਹੋ ਜਾਂਦੀ ਹੈ ਤਾਂ ਹੈਰਾਨ ਹੋ ਜਾਂਦੀ ਹੈ ਕਿ ਅੰਮ੍ਰਿਤ ਦਾ ਖੂਹ ਤਾਂ ਅੰਦਰ ਭਰਿਆ ਪਿਆ ਹੈ। ਮੈਂ ਵਿਅਰਥ ਹੀ ਬਾਹਰ ਭਟਕਦੀ ਰਹੀ ਹਾਂ। ਸ਼ਬਦ ਦੀ ਬਰਕਤ ਨਾਲ ਇਹ ਪਨਿਹਾਰੀ ਜਦੋਂ ਗੁਰ ਸ਼ਬਦ ਦੀ ਵੀਚਾਰ ਕਰਦੀ ਹੈ, ਝਿਮ-ਝਿਮ ਅੰਮ੍ਰਿਤ ਬਰਸਣ ਲੱਗ ਪੈਂਦਾ ਹੈ। ਮਨ ਖੀਵਾ ਹੋ ਜਾਂਦਾ ਹੈ ਸੁਰਤ ਮਤਵਾਲੀ ਹੋ ਜਾਂਦੀ ਹੈ।

**ਝਿਮਿ ਝਿਮਿ ਵਰਸੈ ਅੰਮ੍ਰਿਤਧਾਰਾ॥**
**ਮਨ ਪੀਵੈ ਸੁਨਿ ਸਬਦੁ ਬੀਚਾਰਾ॥**
**ਅਨਦ ਬਿਨੋਦ ਕਰੇ ਦਿਨ ਰਾਤੀ**
**ਸਦਾ ਸਦਾ ਹਰਿ ਕੇਲਾ ਜੀਉ॥**
**(ਮਾਝ ਮ : ੫, ਪੰਨਾ ੧੦੨)**

ਜੀਵ ਪਹਿਲਾਂ ਘਾਲਣਾ ਵਿਚੋਂ ਗੁਜ਼ਰਦਾ ਹੈ ਤਾਂ ਅੰਮ੍ਰਿਤ ਦਾ ਖੂਹ ਮਿਲਦਾ ਹੈ। ਜਦੋਂ ਬਖਸ਼ਸ਼ ਹੋ ਜਾਂਦੀ ਹੈ ਤਾਂ ਖੂਹ ਬਰਸਾਤ ਬਣ ਕੇ ਉਪਰੋਂ ਬਰਸਣ ਲੱਗ ਪੈਂਦਾ ਹੈ।


ਹੁਣ ਇਹ ਪਨਿਹਾਰੀ ਨਿਰਾਸ਼ ਹੋ ਕੇ ਨਹੀਂ ਜਾਂਦੀ। ਇਹ ਖੂਹੀ ਭਰਮ ਦੀ ਖੂਹੀ ਨਹੀਂ, ਸਗੋਂ –

**ਰਸਨਾ ਹਰਿ ਰਸੁ ਪੀਜੈ ਅੰਤਰੁ ਭਈਜੈ ਸਾਚ ਸਬਦਿ ਬੀਚਾਰੀ॥**
**ਅੰਤਰਿ ਖੂਹਟਾ ਅੰਮ੍ਰਿਤ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥**
**(ਵਡਹੰਸ ਮ : ੩, ਪੰਨਾ ੫੭੦)**

ਸ਼ਬਦ ਦਾ ਮਾਰਗ ਖੰਡੇ ਦੀ ਧਾਰ 'ਤੇ ਚੱਲਣਾ ਹੈ। ਵਾਲ ਤੋਂ ਨਿੱਕਾ ਹੈ ਪਰ ਹੈ ਇਹੀ ਮਾਰਗ। ਵਾਸ਼ਨਾ ਦਾ ਮਾਰਗ ਨਵੇਂ ਤੋਂ ਨਵੇਂ ਸੁਪਨੇ ਦੇਂਦਾ ਹੈ, ਲੋਰੀਆਂ ਦੇਂਦਾ ਹੈ, ਲਾਰੇ ਦੇਂਦਾ ਹੈ ਪਰ ਆਖਰ ਜਨਮ ਗਵਾ ਕੇ ਨਿਰਾਸ਼ ਹੋ ਕੇ ਇਸ ਪਨਿਹਾਰੀ ਨੂੰ ਜਾਣਾ ਪੈਂਦਾ ਹੈ। ਸ਼ਬਦ ਦਾ ਮਾਰਗ ਹੀ ਅਸਲ ਮਾਰਗ ਹੈ ਅਤੇ ਸੁਰਤ ਇਸ ਮਾਰਗ ਤੋਂ ਚੱਲ ਕੇ ਅੰਮ੍ਰਿਤ ਦੇ ਖੂਹ ਤੱਕ ਪੁੱਜ ਸਕਦੀ ਹੈ ਤੇ ਜਨਮਾਂ-ਜਨਮਾਂ ਦੀ ਪਿਆਸ ਬੁਝ ਸਕਦੀ ਹੈ ਪਰ ਸ਼ਬਦ ਦਾ ਮਾਰਗ ਤਾਂ ਹੀ ਮਿਲਦਾ ਹੈ ਜੇ ਬਹੀਐ ਪੜਿਆ ਪਾਸਿ।

# ਗੁਰੂ ਨਾਨਕ ਸਾਹਿਬ ਦੇ ਸਮੇਂ ਦੀ ਸਮੱਸਿਆ

**ਲੇਖਕ ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ**



ਵੈਦਿਕ ਯੱਗ ਪ੍ਰਾਰੰਭ ਕਰਦੇ ਸਮੇਂ ਵੱਡੇ ਦੇਵਤਿਆਂ ਨੂੰ ਅਹੂਤੀਆਂ ਦਿੱਤੀਆਂ ਜਾਂਦੀਆਂ ਹਨ ਪਰ ਇੰਦ੍ਰ ਜੋ ਕਿ ਰਿਗਵੇਦ ਦਾ ਪ੍ਰਮੁੱਖ ਦੇਵਤਾ ਹੈ, ਉਸ ਨੂੰ ਪਹਿਲਾਂ ਅਹੂਤੀ ਨਹੀਂ ਪਾਈ ਜਾਂਦੀ ਪਰ ਪਿੱਛੋਂ ਪਾ ਵੀ ਦਿੱਤੀ ਜਾਂਦੀ ਹੈ। ਕਾਰਨ ਇਹ ਦੱਸਿਆ ਗਿਆ ਹੈ ਕਿ ਇੰਦ੍ਰ ਨੇ ਵ੍ਰਿਤ੍ਰ ਨਾਮੀ ਅਸੁਰ ਦੀ ਹੱਤਿਆ ਕੀਤੀ ਸੀ। ਕਿਉਂ ਜੁ ਸੁਰ, ਅਸੁਰ, ਦੇਵ, ਅਦੇਵ ਸਭ ਬ੍ਰਾਹਮਣ ਜਾਤੀ ਦੇ ਹਨ, ਇਸ ਕਰਕੇ ਉਸ ਨੂੰ ਬ੍ਰਹਮ-ਹੱਤਿਆ ਲੱਗ ਗਈ। ਮੇਰਾ ਵਿਦਵਾਨਾਂ ਨੂੰ ਵਿਖਿਆਨ ਦੇਣਾ ਵੀ ਉਸ ਪ੍ਰਕਾਰ ਦੀ ਅਵੱਗਿਆ ਹੀ ਸਮਝਣੀ ਚਾਹੀਏ ਜਿਹੀ ਕਿ ਇੰਦ੍ਰ ਨੇ ਕੀਤੀ ਸੀ। ਮੇਰੇ ਵਰਗੇ ਗ੍ਰਾਮੀਣ ਆਦਮੀ ਦਾ ਤੁਹਾਡੇ ਸਾਹਮਣੇ ਬੋਲਣਾ ਬ੍ਰਹਮ-ਹੱਤਿਆ ਦੇ ਮੁਲ ਹੀ ਹੈ ਜਿਸ ਦਾ ਪ੍ਰਾਸਚਿਤ ਹੋਣਾ ਚਾਹੀਦਾ ਤੇ ਮੈਂ ਇਸ ਲਈ ਪਹਿਲਾਂ ਇਸ ਅਵੱਗਿਆ ਦੀ ਖਿਮਾ ਮੰਗਦਾ ਹਾਂ ਜਿਹੜੀ ਕਿ ਮੈਂ ਤੁਹਾਡੇ ਸਾਹਮਣੇ ਬੋਲਣ ਲਈ ਖੜ੍ਹਾ ਹੋ ਕੇ ਹੁਣ ਕਰਨ ਲੱਗਾ ਹਾਂ। ਵਿਦਿਆ ਐਸੀ ਸੁੰਦਰੀ ਹੈ ਜੋ ਸੌਂਕਣ ਬਰਦਾਸ਼ਤ ਨਹੀਂ ਕਰਦੀ ਅਤੇ ਜੇ ਇਸ ਨੂੰ ਸਰਬ-ਜੀਵਨ ਪ੍ਰਮਾਣਤਾ ਦਿੱਤੀ ਜਾਵੇ ਤਾਂ ਹੀ ਆਪਣੇ ਚੰਦਰ ਬਦਨ ਤੋਂ ਇਹ ਪੂਰਾ ਘੁੰਡ ਲਾਹੁੰਦੀ ਹੈ। ਇਹ ਵਿਚਾਰ ਕੇ ਮੈਂ ਤੁਹਾਡੇ ਸਾਹਮਣੇ ਕੋਈ ਵਿਖਿਆਨ ਦੇਣ ਦਾ ਯਤਨ ਨਹੀਂ ਕਰਾਂਗਾ, ਕੇਵਲ ਆਪਣੇ ਅਸੰਗਠਿਤ ਵਿਚਾਰ ਤੁਹਾਡੇ ਪੁਖਤਾ ਵਿਚਾਰਾਂ ਨਾਲ ਮੇਲਣ ਦੀ ਕੋਸ਼ਿਸ਼ ਕਰਾਂਗਾ।

ਜਦੋਂ ਮੈਂ ਛੋਟੀ ਉਮਰ ਵਿਚ ਸਾਂ ਤਾਂ ਪਿੰਡ ਵਿਚ ਪੜ੍ਹਦਾ ਸੀ ਜੋ ਕਿ ਨਨਕਾਣਾ ਸਾਹਿਬ ਦੇ ਨੇੜੇ ਸੀ। ਹਰ ਸਾਲ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਉੱਤੇ ਲੈਕਚਰ ਦੇਣ ਵਾਲਿਆਂ ਨੇ ਆਉਣਾ ਤੇ ਸੌ ਵਿਚੋਂ ਪਚਾਨਵੇਂ ਪ੍ਰਚਾਰਕ ਗੁਰੂ ਸਾਹਿਬ ਦੀ ਮਹਾਨਤਾ ਨੂੰ ਦਰਸਾਉਣ ਲਈ ਗੱਲ ਇਥੋਂ ਸ਼ੁਰੂ ਕਰਦੇ ਸਨ ਕਿ ਜਦੋਂ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ ਤਾਂ ਸਮੇਂ ਦੀ ਦਸ਼ਾ ਇਹ ਸੀ :

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**

(ਪੰਨਾ ੧੪੫)

ਮੈਂ ਕਾਲਜ ਚਲਾ ਗਿਆ, ਯੂਨੀਵਰਸਿਟੀ ਚਲਾ ਗਿਆ, ਪਰ ਇਹ ਆਵਾਜ਼ ਉਸੇ ਤਰ੍ਹਾਂ ਕੰਨਾਂ ਵਿਚ ਪੈਂਦੀ ਰਹੀ। ਮੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਕੀ ਇਹ ਦਸ਼ਾ, ਜੋ ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਬਿਆਨ ਕੀਤੀ ਹੈ, ਸੱਚ ਹੈ ਜਾਂ ਇਹ ਕੇਵਲ ਕਹਿਣ ਦਾ ਅਲੰਕਾਰਕ ਤਰੀਕਾ ਹੀ ਹੈ ਤੇ ਗੁਰੂ ਸਾਹਿਬ ਨੇ ਗੱਲ ਵਧਾ ਕੇ ਸ਼ਾਇਰਾਨਾ ਅਤਿਕਥਨੀ ਦੇ ਰੂਪ ਵਿਚ ਕੀਤੀ ਹੈ। ਇਹ ਵਿਚਾਰ ਮੇਰੇ ਮਨ ਵਿਚ ਚੱਲਦੇ ਰਹੇ ਹਨ। ਮੈਂ ਸੰਨ 1931 ਵਿਚ ਆਪਣੀ ਪੜ੍ਹਾਈ ਲਈ ਕੈਮਬ੍ਰਿਜ ਪਹੁੰਚਿਆ। ਉਥੇ ਲੰਡਨ ਵਿਚ ਬ੍ਰਿਟਿਸ਼ ਮਿਊਜ਼ੀਅਮ ਦੇਖਣ ਲਈ ਆਉਂਦਾ ਤੇ ਉਥੋਂ ਦੀਆਂ ਚੀਜ਼ਾਂ ਦੇਖ-ਦੇਖ ਕੇ ਹੈਰਾਨ ਹੁੰਦਾ। ਜਦੋਂ ਮੈਂ ਉਥੇ ਮਿਸਰ ਦੀਆਂ ਮੰਮੀਆਂ (ਸੰਭਾਲੀ ਹੋਈ ਲਾਸ਼) ਪਈਆਂ ਦੇਖੀਆਂ ਤਾਂ ਬਹੁਤ ਅਸਚਰਜ ਵਿਚ ਕਾਫੀ-ਕਾਫੀ ਅਰਸਾ ਉਹਨਾਂ ਸਾਹਮਣੇ ਖੜ੍ਹਾ ਰਹਿੰਦਾ। ਮੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਇਹ ਮੰਮੀਆਂ ਕਿਉਂ ਸੁਰੱਖਿਅਤ ਕੀਤੀਆਂ ਗਈਆਂ ਹਨ? ਮਿਸਰ ਦਾ ਪੁਰਾਤਨ ਵਿਚਾਰ ਇਹਨਾਂ ਬਾਰੇ ਕੀ ਹੈ? ਆਦਿ। ਇਸ ਲਈ ਦੇਸ਼ ਵਾਪਸ ਆਉਣ ’ਤੇ ਮਿਸਰ ਦੀ ਤਾਰੀਖ਼ ਬਾਰੇ ਕਿਤਾਬਾਂ ਲੱਭ ਕੇ ਪੜ੍ਹੀਆਂ ਅਤੇ ‘ਪੇਪਯਰਸ’ ਸਰਕੰਡੇ ਘਾਹ ਤੋਂ ਬਣਾਏ ਹੋਏ ਪ੍ਰਾਚੀਨ ਮਿਸਰੀ ਲੇਖ-ਪੱਤਰ ਵੀ ਪੜ੍ਹੇ ਜੋ ਮਿਸਰ ਦੀ ਸੱਭਿਅਤਾ ਦਾ ਪਤਾ ਦਿੰਦੇ ਹਨ। ਇਹਨਾਂ ਲਿਕਤਾਂ ਵਿਚ ਹੀ ਇਕ ਚਿੱਟੀ, 3300 ਵਰ੍ਹੇ ਈਸਵੀ ਸੰਮਤ ਤੋਂ ਪਹਿਲਾਂ ਦੀ, ਪੁਰਾਣੀ ਸੀ, ਉਹ ਵੀ ਮੈਂ ਪੜ੍ਹੀ। ਇਸ ਵਿਚ ਲਿਖਣ ਵਾਲਾ ਆਪਣੇ ਸਮੇਂ ਦੀ ਹਾਲਤ ਬਾਰੇ ਲਿਖ ਰਿਹਾ ਸੀ ਕਿ ‘ਰਾਜੇ ਕਸਾਈ ਹੋ ਗਏ ਹਨ ਜੋ ਛੁਰੀ ਨਾਲ ਪਰਜਾ ਨੂੰ ਕੋਹ ਰਹੇ ਹਨ, ਸਾਰੇ ਹਨੇਰਾ ਛਾਇਆ ਹੋਇਆ ਹੈ।’ ਅਸਲ ਲਿਖਤ ਦਾ ਅੰਗਰੇਜ਼ੀ ਭਾਵ ਕੁਝ ਇਉਂ ਹੈ :

“Blackness has descended on human hearts. King’s minions are like butchers. The friends are treacherous. The son is disobedient and the wife disloyal.”

ਇਹ ਲਫ਼ਜ਼ ਮੈਨੂੰ ਜਾਣੇ-ਪਛਾਣੇ ਲੱਗੇ। ਮੈਨੂੰ ਫਿਰ ਗੁਰੂ ਨਾਨਕ ਸਾਹਿਬ ਦਾ ਵਾਕ ਚੇਤੇ ਆਇਆ—‘ਕਲਿ ਕਾਤੀ ਰਾਜੇ ਕਾਸਾਈ।’

ਮੈਨੂੰ ਖਿਆਲ ਆਇਆ ਕਿ ਅੱਜ ਤੋਂ 5000 ਸਾਲ ਪਹਿਲਾਂ ਵੀ ਇਹੋ ਜਿਹੀ ਹਾਲਤ ਹੀ ਹੋਵੇਗੀ ਜਾਂ ਫਿਰ ਇਹ ਐਵੇਂ ਇਕ ਗੱਲ ਕਰਨ ਦਾ ਢੰਗ

ਹੈ। ਮੈਂ ਬਾਰ-ਬਾਰ ਸੋਚਦਾ ਸੀ ਕਿ ਗੁਰੂ ਨਾਨਕ ਸਾਹਿਬ ਦੇ ਬਚਨਾਂ ਨੂੰ ਕਿਥੋਂ ਤੱਕ ਯਥਾਰਥਕ ਮੰਨਿਆ ਜਾਵੇ। ਇਸ ਖਾਤਰ ਮੈਂ ਭਾਰਤ ਦਾ ਇਤਿਹਾਸ ਪੜ੍ਹਨਾ ਸ਼ੁਰੂ ਕੀਤਾ। ਤਦ ਮੈਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਕੇਵਲ ਕਾਵਿ-ਸ਼ੈਲੀ ਜਾਂ ਅਤਿਕਥਨੀ ਨਹੀਂ ਹਨ ਜਾਂ ਕੇਵਲ ਲਿਖਣ ਦਾ ਢੰਗ ਹੀ ਨਹੀਂ ਸਗੋਂ ਬਿਲਕੁਲ ਸੱਚੀਆਂ ਗੱਲਾਂ ਹਨ। ਜੋ ਕੁਝ ਉਹਨਾਂ ਆਖਿਆ ਹੈ, ਉਹ ਉਸ ਵਕਤ ਦੇ ਭਾਰਤੀ ਸਮਾਜ ਦੀ ਹੂ-ਬ-ਹੂ ਤਸਵੀਰ ਹੈ। ਇਸ ਦੀ ਪ੍ਰੋੜ੍ਹਤਾ ਵਜੋਂ ਜੋ ਕੁਝ ਇਤਿਹਾਸ ਵਿਚੋਂ ਪੜ੍ਹਿਆ, ਉਸ ਦਾ ਸਾਰੰਸ਼ ਤੁਹਾਡੇ ਸਾਹਮਣੇ ਵਿਚਾਰ-ਵਟਾਂਦਰੇ ਲਈ ਪੇਸ਼ ਕਰਦਾ ਹਾਂ।

ਇਸ ਗੱਲ ਉੱਤੇ ਤਾਂ ਸਹਿਮਤੀ ਹੈ ਕਿ ਪ੍ਰਾਚੀਨ ਭਾਰਤ ਦਾ ਸ਼ੁੱਧ ਤੇ ਸੰਪੂਰਨ ਇਤਿਹਾਸ ਨਹੀਂ ਮਿਲਦਾ। ਜਿਵੇਂ ਅੰਨ੍ਹੇ ਖੂਹ ਵਿਚ ਟਾਰਚ ਮਾਰ ਕੇ ਦੇਖੀਏ, ਕੁਝ ਨਾ ਕੁਝ ਪਤਾ ਲੱਗ ਜਾਂਦਾ ਹੈ, ਇਸੇ ਤਰ੍ਹਾਂ ਦੀਰਘ ਖੋਜ ਦੀ ਰੋਸ਼ਨੀ ਦੁਆਰਾ ਕਈ ਗੱਲਾਂ ਦਾ ਥਹੁ-ਪਤਾ ਲੱਗਦਾ ਹੈ।

ਜਦੋਂ ਸਿਕੰਦਰ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਉਸ ਨਾਲ ਕਈ ਲੇਖਕ ਵੀ ਆਏ। ਇਹ ਗੱਲ ਈਸਵੀ ਸੰਮਤ ਦੇ ਪ੍ਰਾਰੰਭ ਤੋਂ ਚੌਥੀ ਸ਼ਤਾਬਦੀ ਤੋਂ ਪਹਿਲਾਂ ਦੀ ਹੈ। ਉਹਨਾਂ ਨੇ ਹਿੰਦੁਸਤਾਨ ਬਾਰੇ ਜੋ ਕੁਝ ਲਿਖਿਆ, ਉਹ ਸਾਡੇ ਲਈ ਪਹਿਲੀ ਮੰਨਣਯੋਗ ਇਤਿਹਾਸਕ ਸਾਮੱਗਰੀ ਹੈ। ਸਿਕੰਦਰ ਦੇ ਪਿੱਛੋਂ ਸਿਕੰਦਰ ਦੇ ਜਰਨੈਲ ਸੈਲੁਕੋਸ ਨੀਕਾਤੋਰ (Selucos Nikator), ਸੀਰੀਆ ਦੇਸ਼ ਦੇ ਰਾਜਾਧੀਰਾਜ ਨੇ ਮੁੜ ਪੱਛਮੀ ਭਾਰਤ ਉੱਤੇ ਆਕ੍ਰਮਣ ਕੀਤਾ ਤਾਂ ਚੰਦਰਗੁਪਤ ਮੌਰੀਆ ਕੋਲੋਂ ਹਾਰ ਖਾਧੀ ਅਤੇ ਕਾਬਲ, ਕੰਧਾਰ, ਬਲੋਚਿਸਤਾਨ ਦੇ ਇਲਾਕੇ ਅਤੇ ਆਪਣੀ ਕੰਨਿਆ ਦਾ ਡੋਲਾ ਸੁਲਾਹ ਵਜੋਂ ਮੌਰੀਆ ਸਮਰਾਟ ਨੂੰ ਦਿੱਤਾ ਅਤੇ ਆਪਣਾ ਰਾਜਦੂਤ ਮੈਗਾਸਥਨੀਸ (Magasthenese) ਭਾਰਤੀ ਰਾਜਧਾਨੀ ਪਾਟਲੀਪੁਤਰ ਵਿਚ ਨਿਯੁਕਤ ਕੀਤਾ। ਇਸ ਯਾਵਨੀ ਰਾਜਦੂਤ ਦੀਆਂ ਅਸਲ ਲਿਖਤਾਂ ਤਾਂ ਪ੍ਰਾਪਤ ਨਹੀਂ ਪਰ ਇਹਨਾਂ ਦੇ ਉਤਾਰਿਆਂ ਦੇ ਕੁਝ ਟੋਟੇ ਮਿਲਦੇ ਹਨ ਜਿਨ੍ਹਾਂ ਨੂੰ 'ਇੰਡੀਕਾ' ਕਿਹਾ ਜਾਂਦਾ ਹੈ। ਇਹ ਦੂਜੀ-ਤੀਜੀ ਸ਼ਤਾਬਦੀ ਈਸਵੀ ਪੂਰਵ ਸੰਮਤ ਦੀਆਂ ਲਿਖਤਾਂ ਹਨ। ਜੇ ਇਹਨਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਹਿੰਦੁਸਤਾਨ ਦੇ ਲੋਕਾਂ ਦਾ ਖਾਣ-ਪੀਣ, ਰਹਿਣ-ਸਹਿਣ, ਸਾਮਰਾਜ, ਗਣਰਾਜ ਤੇ ਵੰਸ਼ ਰਾਜ ਦੀ ਸਥਿਤੀ ਬਾਰੇ ਵੀ ਕਈ ਗੱਲਾਂ ਸਪੱਸ਼ਟ ਹੁੰਦੀਆਂ ਹਨ। ਇਸ ਵੇਲੇ ਦਾ, ਈਸਾਈ ਸੰਨ ਦੇ ਪ੍ਰਾਰੰਭ ਤੋਂ ਦੋ ਸ਼ਤਾਬਦੀਆਂ ਪਹਿਲਾਂ ਦੇ ਸਮੇਂ ਦਾ, ਜੋ ਭਾਰਤੀ ਸਮਾਜ ਤੇ ਭਾਰਤੀ ਸੰਸਕ੍ਰਿਤੀ 'ਇੰਡੀਕਾ' ਆਦਿ ਸ਼ਹਾਦਤਾਂ ਤੋਂ ਨਿਖਰ ਕੇ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਇਕ ਬੜਾ ਸਭਿਅਤਾ ਪ੍ਰਾਪਤ, ਵਿਕਸਤ, ਪ੍ਰਗਤੀਸ਼ੀਲ ਸਮਾਜ ਹੈ, ਜਿਸ ਦਾ ਆਧਾਰ ਨਿਆਂ ਤੇ ਇਨਸਾਫ਼ ਹੈ ਅਤੇ ਜਿਸ ਦੀਆਂ ਰੁਚੀਆਂ ਸ਼ਾਂਤੀ-ਪ੍ਰਦਾ ਤੇ ਉੱਨਤੀ - ਤਤਪਰ ਹਨ।

ਦੂਸਰੀ ਸਦੀ ਈਸਵੀ ਵਿਚ ਹੂਨ ਜਾਤੀਆਂ ਦੇ ਹਮਲੇ ਪੱਛਮੀ ਭਾਰਤ ਉੱਤੇ ਹੋਏ ਤੇ ਪੁਰਾਣਾ ਸਾਮਰਾਜ ਢਹਿ-ਢੇਰੀ ਹੋ ਗਿਆ। ਉਸ ਸਮੇਂ ਬਾਰੇ ਸਾਨੂੰ ਬਹੁਤੀ ਜਾਣਕਾਰੀ ਨਹੀਂ ਮਿਲਦੀ। ਫਿਰ ਭਾਰਤ ਦੇ ਸਾਮਜ ਤੇ ਸੰਸਕ੍ਰਿਤੀ ਦਾ ਚੰਦਰ ਗੁਪਤ ਦੂਜੇ ਸਮੇਂ ਉਚਤਰ ਵਿਕਾਸ ਹੋਇਆ। ਸਮੁੰਦਰ ਗੁਪਤ (335-375 ਈ.) ਦਾ ਵੱਡਾ ਭਰਾ ਰਾਮ ਗੁਪਤ ਸੀ ਤੇ ਉਸ ਦੀ ਪਤਨੀ ਧਰੁਵ ਸੀ। ਇਹ ਸਮੁੰਦਰ ਗੁਪਤ ਪਹਿਲੇ ਦਾ ਪੁੱਤਰ ਸੀ ਤੇ ਚੰਦਰ ਗੁਪਤ (375-414 ਈ.) ਦਾ ਪਿਤਾ ਸੀ। ਮਥਰਾ 'ਸ਼ਕ' ਬੰਸ ਦੀ ਰਾਜਧਾਨੀ ਸੀ।

ਮਥਰਾ ਦੇ ਰਾਜੇ ਨੇ ਰਾਮ ਗੁਪਤ ਨੂੰ ਕਿਹਾ, ਤੂੰ ਮੈਨੂੰ ਆਪਣੀ ਪਤਨੀ ਦੇ ਦੇ। ਰਾਮ ਗੁਪਤ ਆਪਣੀ ਪਤਨੀ ਦੇਣ ਨੂੰ ਤਿਆਰ ਹੋ ਗਿਆ। ਜਦ ਚੰਦਰ ਗੁਪਤ ਨੂੰ ਪਤਾ ਲੱਗਾ, ਉਹ ਦੁਖੀ ਹੋਇਆ। ਉਸ ਨੇ ਮਥਰਾ ਸੁਨੇਹਾ ਭੇਜ ਦਿੱਤਾ ਕਿ ਧਰੁਵ ਦੇਵੀ ਜਲਦੀ ਪਹੁੰਚ ਜਾਵੇਗੀ। ਚੰਦਰ ਗੁਪਤ ਨੇ ਆਪ ਜ਼ਨਾਨੀਆਂ ਵਾਲਾ ਭੇਸ ਬਣਾ ਲਿਆ। ਕਾਫੀ ਲੜਕੀਆਂ ਅਤੇ ਫੌਜ ਲੈ ਕੇ ਸ਼ਕ ਰਾਜ ਦੀ ਰਾਜਧਾਨੀ ਪਹੁੰਚ ਗਿਆ। ਜਦੋਂ ਮਥਰਾ ਪਹੁੰਚਿਆ ਤਾਂ ਅੱਗੇ ਰਾਜਾ ਲੈਣ ਲਈ ਆਇਆ। ਚੰਦਰ ਗੁਪਤ, ਜੋ ਕਿ ਜ਼ਨਾਨਾ ਭੇਸ ਵਿਚ ਸੀ, ਨੇ ਸ਼ਕ ਰਾਜੇ ਨੂੰ ਛੁਰਾ ਮਾਰ ਕੇ ਮਾਰ ਦਿੱਤਾ ਅਤੇ ਬਾਅਦ ਵਿਚ ਆਪਣੇ ਭਰਾ ਨੂੰ ਵੀ ਰਾਜ ਸਿੰਘਾਸਨ ਦੇ ਯੋਗ ਨਾ ਸਮਝ ਕੇ ਮਾਰ ਦਿੱਤਾ ਤੇ ਆਪ ਧਰੁਵ ਦੇਵੀ ਨਾਲ ਵਿਆਹ ਕਰ ਲਿਆ।

ਮਗਰੋਂ ਜਾਇਸੀ ਰਚਿਤ 'ਪਦਮਾਵਤ' ਦੀ ਕਥਾ ਵਿਚ ਪਦਮਨੀ ਤੇ ਅਲਾਉਦੀਨ ਦਾ ਕਿੱਸਾ ਵੀ ਇਵੇਂ ਹੀ ਬਿਆਨ ਕੀਤਾ ਗਿਆ ਹੈ। ਹੋ ਸਕਦਾ ਹੈ ਇਸੇ ਘਟਨਾ ਦਾ ਹੀ ਸਾਹਿਤਿਕ ਪ੍ਰਤਿਬਿੰਬ ਹੋਵੇ ਜਾਂ ਇਉਂ ਵਾਪਰੀ ਹੀ ਹੋਵੇ। ਰਾਮ ਗੁਪਤ ਅਤੇ ਚੰਦਰ ਗੁਪਤ ਦੂਜਾ, ਜਿਸ ਨੂੰ ਚੰਦਰ ਗੁਪਤ ਵਿਕ੍ਰਮਾਦਿੱਤਯ ਭੀ ਕਿਹਾ ਜਾਂਦਾ ਹੈ, ਬਾਬਤ ਇਹ ਕਥਾ 'ਦੇਵੀ ਚੰਦਰ ਗੁਪਤ' ਕ੍ਰਿਤ 'ਵਿਸਕਦਤ' ਨਾਮੀ ਸੰਸਕ੍ਰਿਤ ਨਾਟਕ ਵਿਚ ਮਿਲਦੀ ਹੈ। ਬਾਣ ਭੱਟ ਦੇ ਰਚਿਤ ਗ੍ਰੰਥ 'ਹਰਿਸ਼ਚ੍ਰਿਤ' ਵਿਚ ਭੀ ਇਸੇ ਕਥਾ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਕਿ ਕਿਵੇਂ ਰਾਮ ਗੁਪਤ ਮਥਰਾ ਦੇ ਸ਼ਕ ਨਰੇਸ਼ ਕੋਲੋਂ ਯੁਧ ਵਿਚ ਹਾਰ ਗਿਆ ਅਤੇ ਆਪਣੀ ਮਹਾਰਾਣੀ ਧਰੁਵ ਦੇਵੀ ਨੂੰ 'ਸ਼ਕ' ਨਰੇਸ਼ ਦੇ ਹਵਾਲੇ ਕਰਨਾ ਮੰਨ ਗਿਆ। ਇਸੇ ਸਥਿਤੀ ਵਿਚ ਚੰਦਰ ਗੁਪਤ ਦੂਜਾ ਮਹਾਨ ਸਮਰਾਟ ਦੇ ਰੂਪ ਵਿਚ ਭਾਰਤੀ ਇਤਿਹਾਸ ਵਿਚ ਪ੍ਰਗਟਿਆ, ਜਿਸ ਨੇ ਯਵਨ ਰਾਜੇ ਸੈਲੁਕੋਸ ਨੀਕਾਤੋਰ ਨੂੰ ਸ਼ਿਕੱਸ਼ਤ ਦਿੱਤੀ, ਜਿਸ ਦੇ ਪਰਿਣਾਮ ਵਜੋਂ ਯਵਨ ਰਾਜਦੂਤ ਮੈਗਸਥਨੀਸ ਭਾਰਤ ਆਇਆ ਅਤੇ ਉਸ ਨੇ ਭਾਰਤ ਬਾਬਤ ਬਹੁ-ਮੁੱਲੀ ਲੇਖ-ਸਾਮੱਗਰੀ ਪਿੱਛੇ ਛੱਡੀ।

ਚੰਦਰ ਗੁਪਤ ਦਾ ਜਰਨੈਲ ਅਮਰਕਾਰੀ ਤਕਯ ਸੀ ਜੋ ਕਿ ਬੁੱਧ ਧਰਮ 'ਤੇ ਨਿਸ਼ਚਾ ਰੱਖਣ ਵਾਲਾ ਸੀ ਤੇ ਬੜਾ ਮਹਾਨ ਯੋਧਾ ਸੀ। ਇਸ ਤੋਂ ਪ੍ਰਗਟ ਹੈ ਕਿ ਇਸ ਸਮੇਂ ਬੁੱਧ ਮੱਤ ਤੇ ਬ੍ਰਾਹਮਣੀ ਮੱਤ ਦਾ ਭੇਤ ਬਹੁਤਾ ਤਿੱਖਾ ਨਹੀਂ ਸੀ।

ਚੌਥੀ ਸਦੀ ਵਿਚ ਚੀਨੀ ਯਾਤਰੂ ਫਾਹੀਯਾਨ ਭਾਰਤ ਆਇਆ। ਉਹ ਲਿਖਦਾ ਹੈ ਕਿ ਚੰਦਰ ਗੁਪਤ ਨਾ ਬੋਧ ਸੀ ਨਾ ਬ੍ਰਾਹਮਣ, ਉਹ ਦੋਹਾਂ ਦਾ ਬਰਾਬਰ ਸਤਿਕਾਰ ਕਰਦਾ ਸੀ। ਇਹ ਯਾਤਰੂ ਇਹ ਵੀ ਲਿਖਦਾ ਹੈ ਕਿ ਸਾਰੇ ਸੰਸਾਰ ਨਾਲੋਂ ਭਾਰਤ ਵਿਚ ਖੁਸ਼ਹਾਲੀ ਜ਼ਿਆਦਾ ਹੈ। ਇਸ ਪਿਛੋਂ ਹਰਸ਼ਵਰਧਨ ਤੱਕ ਸਾਨੂੰ ਕੋਈ ਬਹੁਤੀ ਇਤਿਹਾਸ ਬਾਬਤ ਸਾਮੱਗਰੀ ਨਹੀਂ ਮਿਲਦੀ, ਫਿਰ ਹੂਨ ਜਾਤੀ ਦੇ ਆਕਰਮਣ ਪ੍ਰਾਰੰਭ ਹੋਏ ਤੇ ਗੁਪਤ ਸਾਮਰਾਜ ਖੇਰੂੰ-ਖੇਰੂੰ ਹੋ ਗਿਆ। ਜਿਵੇਂ ਨਾਟਕੀ ਸਟੇਜ 'ਤੇ ਬੱਤੀਆਂ ਬੁਝ ਜਾਣ 'ਤੇ ਹੋ ਰਹੀ ਨਾਟ-ਕਿਰਿਆ ਦਾ ਕੁਝ ਪਤਾ ਨਹੀਂ ਲੱਗਦਾ, ਇਸੇ ਤਰ੍ਹਾਂ ਇਸ ਸਮੇਂ ਬਾਰੇ ਵੀ ਬਹੁਤ ਧੁੰਦਲਾ-ਪਨ ਹੈ। ਹਰਸ਼ਵਰਧਨ ਸੰਨ 698 ਈ. ਤੱਕ ਰਾਜ-ਭਾਗ ਮਾਣਦਾ ਰਿਹਾ, ਇਸ ਦੇ ਸਮੇਂ ਚੀਨੀ ਯਾਤਰੀ ਹਿਊਨਸਾਂਗ ਭਾਰਤ ਆਇਆ ਜੋ 630 ਈ. ਤੋਂ 644 ਈ. ਤੱਕ ਚੌਦਾਂ-ਪੰਦਰਾਂ ਸਾਲ ਇਥੇ ਘੁੰਮਿਆ। ਉਸ ਨੇ ਬੜੀਆਂ ਦਿਲਚਸਪ ਗੱਲਾਂ ਸਾਡੇ ਬਾਰੇ ਲਿਖੀਆਂ ਹਨ। ਉਹ ਲਿਖਦਾ ਹੈ ਕਿ ਇਹ ਸ਼ਾਂਤ-ਵਿਸ਼ਵਾਸੀ ਸਮਾਜ ਹੈ। ਭਾਰਤੀ ਕਲਾ ਦਾ

ਕੋਈ ਮੁਕਾਬਲਾ ਨਹੀਂ ਕਰ ਸਕਦਾ। ਫਿਰੰਗੀ ਇਤਿਹਾਸਕਾਰ ਮਿਸਟਰ ਹੈਵਲ ਭੀ ਲਿਖਦਾ ਹੈ :

"No civilization in the world's history can be said to have achieved perfection but the fact remains that judged by standards of culture, Indian civilization in the 7th century A.D. attained to heights which have not been exceeded by any other in ancient or modern times."

ਇਹ ਐਵੇਂ ਇਤਫ਼ਾਕ ਸਮਝੋ ਜਾਂ ਕੋਈ ਰਹੱਸ ਦੀ ਗੱਲ ਕਿ ਭਾਰਤ-ਵਰਸ਼ ਦੇ ਜਿਤਨੇ ਵੀ ਮਹਾਨ ਰਾਜੇ, ਸਮਰਾਟ ਹੋਏ ਹਨ, ਅਸ਼ੋਕ, ਕਨਿਸ਼ਕ ਜਾਂ ਹਰਸ਼ਵਰਧਨ, ਸਭੇ ਬੌਧ ਵਿਚਾਰਾਂ ਦੇ ਸਨ। ਚੰਦਰ ਗੁਪਤ ਦੂਜਾ ਸਾਂਝਾ ਰਿਹਾ ਸੀ ਅਤੇ ਹਰਸ਼ਵਰਧਨ ਵੀ ਇਕ ਅਜਿਹਾ ਮਹਾਨ ਸਮਰਾਟ ਸੀ ਜਿਸ ਨੇ ਥਾਨੇਸਰ ਵਿਚ, ਪਿੱਛੋਂ ਕਨੌਜ, ਰਾਜਧਾਨੀ ਸਥਾਪਤ ਕੀਤੀ। ਪਤਾ ਨਹੀਂ ਕੀ ਗੱਲ ਹੋਈ, ਬ੍ਰਾਹਮਣਾਂ ਨੇ ਇਸ ਨੂੰ ਸਾਜ਼ਿਸ਼ ਕਰ ਕੇ ਮਰਵਾ ਦਿੱਤਾ। ਇਹ ਗੱਲ ਧਿਆਨ ਗੋਚਰੇ ਕਰਨ ਵਾਲੀ ਹੈ ਕਿ ਭਾਰਤੀ ਸਾਮਰਾਜ ਤੇ ਸਮਾਜ ਦੀ ਤਬਾਹੀ ਦਾ ਵੱਡਾ ਕਾਰਣ ਬ੍ਰਾਹਮਣ ਅਤੇ ਬੌਧੀ ਵਿਚਾਰਾਂ ਦੀ ਖਿੱਚੋਤਾਣ ਵਿਚੋਂ ਹੀ ਪੈਦਾ ਹੋਇਆ। ਛੇਵੀਂ ਸਦੀ ਤੋਂ ਤੇਰ੍ਹਵੀਂ ਸਦੀ ਦੀ ਤਾਰੀਖ ਸਿੰਧ-ਬੰਗਾਲ ਤੱਕ ਦੀ ਤਾਰੀਖ਼ ਦੀ ਦੀਰਘ ਖੋਜ ਇਸ ਵਿਚਾਰ ਦੀ ਪੁਸ਼ਟੀ ਕਰਦੀ ਹੈ। ਨੌਂਵੀਂ ਸਦੀ ਵਿਚ ਬਗ਼ਦਾਦ ਦੇ ਖਲੀਫ਼ੇ ਨੇ ਮੁਹੰਮਦ-ਬਿਨ ਕਾਸਿਮ ਨੂੰ ਭੇਜ ਕੇ ਸਿੰਧ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਸਮੇਂ ਦੇ ਹਾਲਾਤ ਬਾਰੇ 'ਛੱਛਨਾਮਾ' ਇਕ ਅਰਬੀ ਲਿਖਤ ਮਿਲਦੀ ਹੈ। ਉਸ ਵਿਚ ਲਿਖਿਆ ਹੈ ਕਿ ਬੁੱਧ ਰੱਖੂ ਸਸਾਨੀ (ਬੁੱਧ ਰਖਸ਼ਿਤ ਸ਼੍ਰੋਮਣ) ਜੋ ਬੋਧੀਆਂ ਦਾ ਨੇਤਾ ਸੀ, ਜੇ ਉਹ ਅਨੇਕ ਪ੍ਰਕਾਰ ਅਰਬਾਂ ਦੀ ਮੱਦਦ ਤੇ ਸਹਾਇਤਾ ਨਾ ਕਰਦਾ ਤਾਂ ਸਿੰਧ ਦੇਸ਼ ਅਰਬਾਂ ਦੇ ਕਾਬੂ ਵਿਚ ਨਹੀਂ ਆਉਣਾ ਸੀ। ਸੋ ਬੋਧੀਆਂ ਦੀ ਸਹਾਇਤਾ ਕਾਰਨ ਹੀ ਅਰਬਾਂ ਦੀ ਜਿੱਤ ਹੋਈ। ਇਸ ਤਰ੍ਹਾਂ ਦੇ ਭੇਦ-ਭਾਵਾਂ ਕਰਕੇ ਭਾਰਤੀ ਜਾਤੀ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ ਸਨ।

ਬਾਰ੍ਹਵੀਂ ਸਦੀ ਵਿਚ ਜੇ ਬੋਧੀ ਜਨਤਾ ਖਿਲਜੀਆਂ ਦੀ ਸਹਾਇਤਾ ਨਾ ਕਰਦੀ ਤਾਂ ਬੰਗਾਲ ਵਿਚ ਖਿਲਜੀਆਂ ਦਾ ਰਾਜ ਸਥਾਪਿਤ ਹੋਣਾ ਔਖਾ ਸੀ। ਇਸ ਸਦੀ ਦੇ ਸਾਡੇ ਪਾਸ ਦੋ ਗ੍ਰੰਥ ਹਨ 'ਸ਼ੂਨਯ ਪੁਰਾਣ' ਤੇ 'ਧਰਮ ਪੂਜਾ ਵਿਧਾਨ'। ਮਾਲਦੇਹ ਵਿਚ ਸੈਨ ਜਾਤੀ ਦੇ ਬ੍ਰਾਹਮਣ ਵੱਸਦੇ ਸਨ, ਉਹਨਾਂ ਨੇ ਬੋਧੀਆਂ ਉੱਤੇ ਬੜੇ ਧੱਕੇ ਕੀਤੇ। ਉਪਰੋਕਤ ਗ੍ਰੰਥਾਂ ਵਿਚ ਲਿਖਿਆ ਹੈ ਕਿ 'ਧਰਮੀਆਂ ਉੱਤੇ ਇਹ ਅਨਿਆਂ ਤੇ ਧੱਕੇ ਹੁੰਦੇ ਦੇਖ ਕੇ ਬੈਕੁੰਠ ਵਾਸੀ ਨਿਰੰਜਣ ਅਤੀ ਕ੍ਰੋਧਵਾਨ ਹੋਏ। ਤਦ ਉਹ ਜਾਜਪੁਰੇ ਦੀ ਮਹਾਂ ਪਵਿੱਤਰ ਧਰਤੀ ਉੱਤੇ 'ਖੁਦਾ' ਨਾਮ ਧਾਰਣ ਕਰ ਕੇ ਪ੍ਰਗਟੇ। ਕਾਲੇ ਘੋੜੇ ਉੱਤੇ ਸਵਾਰ, ਕਾਲੀ ਟੋਪੀ ਸਿਰ ਉੱਤੇ, ਨਿਰੰਜਣ ਧਰਮੀਆਂ ਦੀ ਰੱਖਿਆ ਹਿਤ ਅਵਤਾਰੀ ਹੋਏ। ਤੇਤੀ ਕਰੋੜ ਦੇਵੀ ਦੇਵਤੇ, ਯਵਨ ਸਿਪਾਹੀਆਂ ਦੇ ਰੂਪ ਵਿਚ ਨਿਰੰਜਣ ਦੇ ਹਮਰਕਾਬ ਸਨ। ਇਉਂ ਧਰਮੀਆਂ ਦੀ ਰੱਖਿਆ ਲਈ ਤੇ ਬ੍ਰਾਹਮਣ ਦੁਸ਼ਟਾਂ ਦੇ ਵਿਨਾਸ਼ ਲਈ ਨਿਰੰਜਣ ਨੇ ਅਵਤਾਰ ਧਾਰਿਆ।

ਇਹ ਦਸਵੀਂ-ਗਿਆਰ੍ਹਵੀਂ ਸਦੀ ਦੇ ਭਾਰਤੀ ਸਮਾਜ ਦੀ ਰੂਪ-ਰੇਖਾ ਹੈ ਜੋ ਸਾਡੇ ਤੱਕ ਪੁੱਜੀ ਹੈ। ਦੋਫਾੜੀ ਹੋਇਆ ਹੋਇਆ ਆਪਸੀ ਦ੍ਵੈਸ਼ ਨਾਲ ਦੁਖਿਤ, ਸਮਾਜੀ ਧੱਕੇ ਤੇ ਅਨਿਆਂ ਨਾਲ ਦੂਸ਼ਿਤ, ਯਵਨੀ ਬਿਦੇਸ਼ੀਆਂ ਦੇ ਹਮਲਿਆਂ ਤੋਂ ਆਪਣੀ ਰੱਖਿਆ ਕਰਨ ਤੋਂ ਅਸਮਰਥ ਤੇ ਮੁਸਲਮਾਨ ਹਮਲਾਵਰਾਂ ਨੂੰ ਆਪਣੇ ਹੀ ਭਰਾਵਾਂ ਹੱਥੋਂ ਛੁਟਕਾਰਾ ਦੇਣਹਾਰਾ ਸਮਝਣ ਵਾਲਾ ਇਹ ਸਮਾਜ ਦਿਸ ਆਉਂਦਾ ਹੈ।

ਦਸਵੀਂ ਸਦੀ ਦਾ ਸੰਸਕ੍ਰਿਤ ਗ੍ਰੰਥ ਕਲ੍ਹਣ ਲਿਖਤ 'ਰਾਜਤ੍ਰੰਗਣੀ' ਹੈ। ਇਸ ਵਿਚ ਕਸ਼ਮੀਰ ਦਾ ਇਤਿਹਾਸ ਅੰਕਿਤ ਹੈ। ਇਹ ਗ੍ਰੰਥ ਉਸ ਸਮੇਂ ਦਾ ਦਰਪਣ ਹੈ, ਜਿਸ ਤੋਂ ਉਦੋਂ ਦੀ ਵਰਤਮਾਨ ਸਮਾਜੀ ਅਵਸਥਾ ਦਾ ਪਤਾ ਲੱਗਦਾ ਹੈ। 'ਰਾਜਤ੍ਰੰਗਣੀ' ਦਾ ਕਰਤਾ ਲਿਖਦਾ ਹੈ ਕਿ ਰਾਜ ਕਰਮਚਾਰੀ ਭ੍ਰਿਸ਼ਟੇ ਹੋਏ ਹਨ ਤੇ ਇਹ ਪਰਜਾ ਦਾ ਵਿਨਾਸ਼ ਕਰ ਰਹੇ ਹਨ :

**ਜਿਘਾਂਸਵ: ਪਾਪਕਰਮ: ਪਰਸ੍ਵਾਦਯਨਸ਼ਚ ਤ: (ਰਾਜਤ੍ਰੰਗਣੀ, viii, 86)**

ਭਾਵ ਇਹ ਕਿ ਰਾਜ ਕਰਮਚਾਰੀ ਪਰਜਾ ਦਾ ਲਹੂ-ਪੀਣੇ, ਨੀਚ ਕਰਮ-ਰਤ ਅਤੇ ਵੱਢੀਖੋਰ ਹਨ।

ਕਵੀ ਕਸ਼ੇਮੇਂਦ੍ਰ ਦਾ 'ਕਲਾਵਿਲਾਸ' ਵੀ ਇਸ ਸਮੇਂ ਦੀ ਰਚਨਾ ਹੈ। ਇਹ ਲਿਖਦਾ ਹੈ ਕਿ ਲੋਕਾਂ ਨੂੰ ਕਾਲ ਨਹੀਂ ਖਾ ਰਿਹਾ, ਰਾਜ ਕਰਮਚਾਰੀ ਹੀ ਖਾ ਰਹੇ ਹਨ :

ਦਿਵਿਰੈਰੇਵ ਸਮਸਤ ਗ੍ਰਸਤ ਜਨਤਾ ਨ ਕਾਲੇਨ (ਕਲਾਵਿਲਾਸ, vi, 4)

ਕਸ਼ੇਮੇਂਦ੍ਰ ਦੇ ਇਸ ਕਥਨ ਤੋਂ, ਜਿਸ ਵਿਚ ਦਸਵੀਂ ਸ਼ਤਾਬਦੀ ਦੇ ਰਾਜ ਸਮਾਜ ਦੀ ਤਸਵੀਰ ਉੱਕਰੀ ਹੋਈ ਹੈ, ਕੀ ਗੁਰੂ ਨਾਨਕ ਦੇਵ ਜੀ ਦੇ ਚੌਧਵੀਂ ਸਦੀ ਦੇ ਰਾਜ ਸਮਾਜ ਬਾਬਤ ਕਹੇ ਹੋਏ ਬਚਨ ਇੰਨ-ਬਿੰਨ, ਸਿਮ੍ਰਿਤੀ ਵਿਚ ਨਹੀਂ ਆਉਂਦੇ :

**ਰਾਜੇ ਸੀਹ ਮੁਕਦਮ ਕੁਤੇ॥**

**ਜਾਇ ਜਗਾਇਨਿ੍ ਬੈਠੇ ਸੁਤੇ॥ (ਪੰਨਾ ੧੨੮੮)**

ਇਹਨਾਂ ਕਥਨਾਂ ਤੋਂ ਸਪੱਸ਼ਟ ਹੈ ਕਿ ਸੰਨ ਈਸਵੀ ਦੇ ਪ੍ਰਾਰੰਭ ਤੋਂ ਚਾਰ ਸਦੀਆਂ ਪਹਿਲਾਂ ਤੋਂ ਲੈ ਕੇ ਛੇਵੀਂ-ਸਤਵੀਂ ਸਦੀ ਤੱਕ ਪੂਰਾ ਇਕ ਹਜ਼ਾਰ ਸਾਲ ਭਾਰਤੀ ਸਮਾਜ ਤੇ ਭਾਰਤੀ ਰਾਜ-ਵਿਵਸਥਾ, ਸੱਭਯ, ਪ੍ਰਗਤੀਸ਼ੀਲ, ਸ਼ਾਂਤੀ-ਪ੍ਰਾਯਣ, ਨਿਆਂ-ਆਧਾਰਿਤ ਤੇ ਉੱਨਤ ਅਵਸਥਾ ਵਿਚ ਲਗਭਗ ਰਹੀ। ਫੇਰ ਅੱਠਵੀਂ ਸਦੀ ਤੋਂ ਗਿਆਰ੍ਹਵੀਂ ਸਦੀ ਦੇ ਸਮੇਂ ਵਿਚ ਰਾਜ ਵਿਵਸਥਾ ਤੇ ਭਾਰਤੀ ਸਮਾਜ ਦੋਵੇਂ ਅਰਾਜਕਤਾ, ਪਤਨ, ਅਨਿਆਂ, ਆਪਸੀ ਧੱਕਾ ਤੇ ਦ੍ਵੈਸ਼ ਦਾ ਸ਼ਿਕਾਰ ਹੁੰਦੇ ਚਲੇ ਗਏ ਅਤੇ ਇਸ ਸਮੇਂ ਵਿਚ ਬਦੇਸ਼ੀ ਯਾਵਨੀ ਹਮਲਾਵਰਾਂ ਦੇ ਹਿੰਦੁਸਤਾਨ ਉੱਤੇ ਕਬਜ਼ੇ ਲਈ ਭੂਮਿਕਾ ਬੱਝੀ। ਇਸ ਸਮੇਂ ਹੀ ਗਿਆਰ੍ਹਵੀਂ ਸਦੀ ਦੇ ਪ੍ਰਾਰੰਭ ਵਿਚ ਭਾਰਤ ਉੱਤੇ ਤੁਰਕਾਂ ਨੇ ਤਿੱਖੇ ਹਮਲੇ ਸ਼ੁਰੂ ਕੀਤੇ। ਮਹਿਮੂਦ ਗਜ਼ਨਵੀ ਦੇ ਨਾਲ 'ਅਲਬਰੂਨੀ' ਨਾਂ ਦਾ ਇਕ ਵਿਦਵਾਨ ਆਇਆ ਜੋ ਕਾਫੀ ਸਮਾਂ ਇਸ ਦੇਸ਼ ਵਿਚ ਵਿਚਰਦਾ ਰਿਹਾ। ਇਸ ਨੇ ਹਿੰਦੁਸਤਾਨ ਉੱਤੇ 'ਕਿਤਾਬੁਲ ਹਿੰਦ' ਨਾਮੀ ਪੁਸਤਕ ਲਿਖੀ ਹੈ। ਇਸ ਵਿਚ ਗਿਆਰ੍ਹਵੀਂ ਸਦੀ ਦੇ ਭਾਰਤ ਦੇ ਗਿਆਨ, ਸਾਹਿਤ ਅਤੇ ਧਰਮਾਂ ਸੰਬੰਧੀ ਵੇਰਵੇ ਨਾਲ ਵਿਚਾਰ ਕੀਤੀ ਗਈ ਹੈ। ਇਹ ਲੇਖਕ ਧਰਮ ਤੇ ਦਰਸ਼ਨ ਦਾ ਚੰਗਾ ਵਿਦਵਾਨ ਸੀ ਤੇ ਇਸ ਨੇ ਬੜੀ ਡੂੰਘੀ ਖੋਜ-ਪੜਤਾਲ ਬਾਅਦ ਆਪਣੀ ਰਾਏ ਦਿੱਤੀ ਹੈ। ਉਹ ਕਹਿੰਦਾ ਹੈ ਕਿ ਹਿੰਦੂਆਂ ਵਿਚ ਜਾਤ-ਪਾਤ ਦਾ ਭੇਦ-ਵਿਤਕਰਾ ਜ਼ੋਰਾ 'ਤੇ ਹੈ। ਦੂਜੀ ਗੱਲ ਉਹ ਕਹਿੰਦਾ ਹੈ ਕਿ ਬ੍ਰਾਹਮਣੀ ਧਰਮ ਦਾ ਸੰਬੰਧੀ ਬੁੱਧੀ, ਦਿਮਾਗ ਨਾਲ ਹੈ, ਰੂਹ ਤੇ ਮਨ ਨਾਲ ਨਹੀਂ।

ਅਲਬਰੂਨੀ ਦੀ ਪੁਸਤਕ ਵਿਚੋਂ ਇਕ ਟੂਕ ਦਾ ਤਰਜਮਾ ਇਹ ਹੈ :

"On the whole there is very little disputing about theological topics among themselves, at the utmost they fight with words but they will never stake their soul or body or their property on religious controversy. On the contrary, all their fanaticism is directed against those, who do not belong to them, against all foreigners. They all them mlechhas and forbid having any connection with them, be it by intermarriage or by any other kind of relationship or by sitting, eating or drinking with them because thereby they think, they would be polluted."

ਡਾ. ਮਜੁਮਦਾਰ ਦਾ ਵਿਚਾਰ ਹੈ ਕਿ ਮੁਸਲਮਾਨੀ ਹਮਲੇ ਦੀ ਪ੍ਰਤੀਕਿਰਿਆ ਵਜੋਂ ਹਿੰਦੂਆਂ ਵੱਲੋਂ ਜਾਤ-ਪਾਤ ਦਾ ਭੇਦ-ਭਾਵ ਅਪਨਾਇਆ ਗਿਆ। ਪਰ ਇਹ ਗੱਲ ਗਲਤ ਹੈ, ਇਹ ਜਾਤੀ ਭੇਦ-ਭਾਵ ਕਿਸੇ ਦਬਾਅ ਨਾਲ ਨਹੀਂ ਪੈਦਾ ਹੋਏ, ਸਗੋਂ ਪਹਿਲਾਂ ਹੀ ਮੌਜੂਦ ਸਨ। ਅਲਬਰੂਨੀ ਦੀ ਦੂਜੀ ਗੱਲ ਵੀ ਠੀਕ ਹੈ ਕਿ ਧਰਮ ਚੁੰਚ-ਗਿਆਨ ਹੀ ਸਾਰ ਰੂਪ ਵਿਚ ਸੀ ਅਤੇ ਆਤਮਾ ਦੇ ਚਰਿੱਤਰ ਵਿਚ ਇਸ ਦੇ ਸੰਚਾਰ ਦਾ ਆਭਾਵ ਸੀ।

ਅਲਬਰਟ ਸ੍ਵਾਈਜ਼ਰ (Albert Schweitzer) ਨੇ ਵੀ ਹਿੰਦੂ ਮਤ 'ਤੇ ਅਜੋਕੇ ਸਮੇਂ ਵਿੱਚ ਇਹੋ ਦੋਸ਼ ਲਗਾਇਆ ਹੈ ਕਿ ਧਰਮ ਮੁੱਖ ਗਿਆਨੀ ਜਾਂ ਚੁੰਚ-ਗਿਆਨੀ ਰੁਚੀਆਂ ਦਾ ਹੈ। ਦਿਲ ਵਿੱਚ, ਆਤਮਾ ਵਿੱਚ, ਮਨ ਵਿੱਚ ਇਸ ਧਰਮ ਦਾ ਸੰਚਾਰ ਨਹੀਂ। ਜਿਵੇਂ ਗੁਰੂ ਸਾਹਿਬ ਨੇ ਫੁਰਮਾਇਆ ਹੈ:

**ਅਤਿ ਸੁੰਦਰ ਕੁਲੀਨ ਚਤੁਰ ਮੁਖ ਙਿਆਨੀ ਧਨਵੰਤ ॥**

**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥**

(**ਪੰਨਾ** 243)

ਪ੍ਰੋ. ਪੂਰਨ ਸਿੰਘ ਜੀ ਵੀ ਇਹੋ ਗੱਲ ਮੈਨੂੰ ਆਖਿਆ ਕਰਦੇ ਸਨ ਕਿ ਹਿੰਦੂ ਮਤ ਵਿੱਚ ਕਰਨੀ ਤੇ ਵਿਚਾਰ ਦੇ ਸੰਮੇਲਨ ਦਾ ਅਭਾਵ ਹੈ ਅਤੇ ਕਥਨੀ ਸਰਵ-ਸ੍ਰੇਸ਼ਟ ਪ੍ਰਵਾਨ ਹੈ ਤੇ ਨਿਰੀ ਕਥਨੀ ਨਾਲ ਆਤਮਾ ਨੂੰ ਭਰਪੂਰ ਤੌਰ ਉੱਤੇ ਨਹੀਂ ਟੁੰਬਿਆ ਜਾ ਸਕਦਾ।

ਬਾਰ੍ਹਵੀਂ ਸਦੀ ਵਿੱਚ ਮੁਹੰਮਦ ਗੌਰੀ ਨੇ ਉੱਤਰ-ਪੱਛਮੀ ਭਾਰਤ ਉੱਤੇ ਹਮਲਾ ਕੀਤਾ। ਭਾਰਤੀ ਫੁੱਟ ਦਾ ਸ਼ਿਕਾਰ ਸਨ। ਪ੍ਰਿਥਵੀ ਰਾਜ ਚੌਹਾਨ ਤੇ ਜੈ ਚੰਦ ਦਾ ਕਿੱਸਾ ਸਭ ਨੂੰ ਪਤਾ ਹੈ।

ਜਿਸ ਵੇਲੇ ਮੁਹੰਮਦ ਗੌਰੀ ਨੇ ਤਰਾਵੜੀ ਦੇ ਮੈਦਾਨ ਵਿੱਚ ਪ੍ਰਿਥਵੀ ਰਾਜ ਨੂੰ ਮਾਰ ਲਿਆ ਤਾਂ ਜੈ ਚੰਦ ਨੇ ਇਹ ਨਹੀਂ ਸੋਚਿਆ ਕਿ ਕੱਲ੍ਹ ਮੇਰੀ ਭੀ ਵਾਰੀ ਆ ਸਕਦੀ ਹੈ, ਸਗੋਂ ਉਸ ਨੇ ਆਪਣੀ ਪਰਜਾ ਨੂੰ ਹੁਕਮ ਦਿੱਤਾ ਕਿ ਆਪਣੀਆਂ ਡਿਉੜੀਆਂ ਦੀਆਂ ਦੇਹਲੀਆਂ ਉੱਤੇ ਘਿਉ ਚੋਵੋ ਤੇ ਖ਼ੁਸ਼ੀ ਵਿੱਚ ਤੁਰੀਆਂ ਵਜਾਓ:

**ਗ੍ਰਹੇ ਗ੍ਰਹੇ ਘ੍ਰਤੇਣੋ ਦਮਬਰਾਕਸਾਲਨ**

**ਮਾਰਬਧਮ ਤੁਚਯ ਪ੍ਰਵ੍ਰਤੇ।**

**ਪੁਰਾਤਨ ਪ੍ਰਬੰਧ ਸੰਗ੍ਰਹ, ਜੈ ਚੰਦ੍ਰ ਪ੍ਰਬੰਧਮ।**

ਇਹ ਟੂਕ ਉਸ ਵਕਤ ਦੇ ਜੈਨੀਆਂ ਦੇ ਇਕ ਪੁਰਾਤਨ ਸਮਕਾਲੀ ਗ੍ਰੰਥ ਵਿੱਚੋਂ ਲਈ ਗਈ ਹੈ। ਇਸ ਤੋਂ ਪਰਗਟ ਹੈ ਕਿ ਸਾਡਾ ਦੇਸ਼ ਬਾਰ੍ਹਵੀਂ ਸਦੀ ਵਿੱਚ ਕਿਵੇਂ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ ਇਹ ਹਾਲਤ ਉੱਤਰੀ ਭਾਰਤ ਦੀ ਹੀ ਹੈ। ਦੱਖਣ ਵਿੱਚ ਇਹ ਦਸ਼ਾ ਨਹੀਂ ਸੀ। ਬਾਰ੍ਹਵੀਂ ਸਦੀ ਦੇ ਦੱਖਣ ਦੀ ਸਮਾਜ ਵਿਵਸਥਾ ਬਾਰੇ ਇਹ ਅਰਥ ਭੂਗੋਲ ਦੇ ਪੰਡਿਤ 'ਇਦਰੀਸੀ' ਨੇ ਜੋ ਲਿਖਿਆ ਹੈ, ਉਸ ਦਾ ਅਨੁਵਾਦ ਇਹ ਹੈ :

Edrisi (1154 A.D.) describes "Hindus as naturally inclined to justice and they never depart from it in their actions. Their good faith, fidelity and honesty to their engagements are well-known and they are so renowned for these qualities that people flock to their country from everyside."

ਤੇਰ੍ਹਵੀਂ-ਚੌਦਵੀਂ ਸਦੀ ਦਾ ਕੋਈ ਸਮਕਾਲੀ ਗ੍ਰੰਥ ਭਰੋਸੇਯੋਗ ਨਹੀਂ ਮਿਲਦਾ, ਜੋ ਮਿਲਦੇ ਹਨ ਉਹ ਵਧੇਰੇ ਇਕ ਪੱਖੋਂ ਤੇ ਮੁਸਲਮਾਨਾਂ ਦੇ ਲਿਖੇ ਹੋਏ ਹਨ। ਪੰਦਰ੍ਹਵੀਂ ਸਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ ਹੋਇਆ ਅਤੇ ਇਸ ਇਤਿਹਾਸਕ ਪਿਛੋਕੜ ਵਿੱਚ ਅਸੀਂ ਚੰਗੇ ਦਾ ਜੋ ਨਕਸ਼ਾ ਖਿੱਚਿਆ ਹੈ ਉਹ ਯਥਾਰਥਵਾਦੀ ਹੈ, ਸੱਚ 'ਤੇ ਅਧਾਰਿਤ ਹੈ। ਐਵੇਂ ਕਾਵਿ-ਕਲਪਨਾ ਤੇ ਅਤਿਵਾਦ ਵਾਲਾ ਨਹੀਂ ਹੈ। ਇਸੇ ਬਾਰੇ ਪ੍ਰੋਫੈਸਰ ਪੀ. ਹਾਰਡੀ ਲਿਖਦਾ ਹੈ ਕਿ ਗੈਰ- ਮੁਸਲਿਮ ਜਨਤਾ ਤਾਂ ਮੁਸਲਿਮ ਸਿਆਸੀ ਨਾਟਕ ਲਈ ਕੇਵਲ ਸਾਮਗਰੀ ਦਾ ਕੰਮ ਦੇ ਰਹੀ ਸੀ, ਉਨ੍ਹਾਂ ਦੀ ਹੋਰ ਕੋਈ ਅਹਿਮੀਅਤ ਨਹੀਂ ਸੀ।

"Non-Muslims (are) the furniture and properties for the stage on which the drama of the Muslim destiny... in Hindustan is played. The Hindus are... the passive material on which the Muslims impose their will. It is the function of the Hindus to provide opportunitites the practice of Muslim virtue, they are never interesting in themselves but only as converts as capitation tax prayers or as corposes."

ਹੁਣ ਅਸੀਂ 'ਕਲਿ ਕਾਤੀ ਰਾਜੇ ਕਸਾਈ' ਵਾਲੇ ਗੁਰਵਾਕ ਨੂੰ ਠੀਕ ਸਮਝਣ ਯੋਗ ਹਾਂ। ਗੁਰੂ ਨਾਨਕ ਸਾਹਿਬ ਜੀ ਦੇ ਸਾਹਮਣੇ ਸੱਮਸਿਆ ਇਹ ਸੀ ਕਿ:

1. ਧਰਮ ਦਾ ਸੰਚਾਰ ਦਿਮਾਗ ਤੋਂ ਉੱਤਰ ਕੇ ਦਿਲ ਤੇ ਰੂਹ ਵਿੱਚ ਕਿਵੇਂ ਹੋਵੇ।

2. ਇਹ ਧਰਮ ਸਮਾਜ ਉਥਾਨ ਤੇ ਸੁਧਾਰ ਦਾ ਸੰਚਾਲਕ ਕਿਵੇਂ ਬਣੇ।

3. ਰਾਜ ਤੇ ਧਰਮ ਦੇ ਕਿਸ ਦੇ ਸਬੰਧ ਹੋਣ।

ਇਨ੍ਹਾਂ ਸੱਮਸਿਆਵਾਂ ਦੇ ਉੱਤਰ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਚੜ੍ਹਿਆ ਸੋਧਣਿ ਧਰਤਿ ਲੁਕਾਈ** (**ਵਾਰ** 1/24)

(10/1993)

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ



ਦਰਸ਼ਨੀ ਡਿਉਢੀ, ਗੁਰਦੁਆਰਾ ਮਾਲ ਜੀ ਸਾਹਿਬ।



ਗੁਰਦੁਆਰਾ ਸ੍ਰੀ ਮਾਲ ਜੀ ਸਾਹਿਬ, ਪੁਰਾਤਨ ਸਿੱਖ ਇਮਾਰਤ ਕਲਾ ਦਾ ਸ਼ਾਹਕਾਰ।



ਜੰਡ, ਗੁਰਦੁਆਰਾ ਮਾਲ ਜੀ ਸਾਹਿਬ।



ਗੁਰਦੁਆਰਾ ਕਿਆਰਾ ਸਾਹਿਬ, ਨਿਸ਼ਾਨ ਸਾਹਿਬ ਸਿੱਖੀ ਦੇ ਬੋਲ ਬਾਲੇ ਦਾ ਪ੍ਰਤੀਕ।

## ਗੁਰਦੁਆਰਾ ਮਾਲ ਜੀ ਸਾਹਿਬ (ਨਨਕਾਣਾ ਸਾਹਿਬ)

ਇਹ ਪਾਵਨ ਅਸਥਾਨ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੇ ਬਾਲ ਉਮਰ ਕੌਤਕਾਂ ਨਾਲ ਸਬੰਧਤ ਹੈ। ਇਕ ਦਿਨ ਮੱਝੀਆਂ, ਗਾਈਆਂ ਚਾਰਦਿਆਂ ਗੁਰਦੇਵ ਜੀ ਇਕ ਦਰੱਖ਼ਤ ਹੇਠ ਅਰਾਮ ਕਰ ਰਹੇ ਸਨ ਕਿ ਇਨ੍ਹਾਂ ਦੀ ਸੁਰਤ ਪ੍ਰਭੂ ਚਰਨਾਂ ਵਿਚ ਲੀਨ ਹੋ ਗਈ। ਪਰਛਾਵੇਂ ਢਲ ਗਏ, ਉਨ੍ਹਾਂ ਦੇ ਇਲਾਹੀ ਚਿਹਰੇ 'ਤੇ ਧੁੱਪ ਆ ਗਈ। ਉਸ ਸਮੇਂ ਇਕ ਫਨੀਅਰ ਸੱਪ ਨੇ ਆਪਣੇ ਫੱਨ ਨਾਲ ਗੁਰਦੇਵ ਦੇ ਚਿਹਰੇ 'ਤੇ ਛਾਂ ਕੀਤੀ। ਜਦ ਤਲਵੰਡੀ ਦੇ ਹਾਕਮ ਰਾਇ ਬੁਲਾਰ ਨੇ ਦੂਰੋਂ ਦੇਖਿਆ ਤਾਂ ਉਸ ਸਮਝਿਆ ਕਿ ਬਾਲਕ ਨਾਨਕ ਨੂੰ ਸੱਪ ਨੇ ਡੱਸ ਦਿੱਤਾ ਹੋਵੇਗਾ। ਰਾਇ ਬੁਲਾਰ ਦੇ ਨੇੜੇ ਪਹੁੰਚਣ 'ਤੇ ਸੱਪ ਆਪਣੀ ਵਰਮੀ ਵਿਚ ਵੜ ਗਿਆ। ਰਾਇ ਬੁਲਾਰ ਨੇ ਗੁਰਦੇਵ ਨੂੰ ਜਗਾਇਆ ਤਾਂ ਇਹ ਬਿਲਕੁਲ ਠੀਕ-ਠਾਕ ਸਨ। ਇਹ ਅਨੋਖਾ ਕੌਤਕ ਤੱਕ ਰਾਇ ਬੁਲਾਰ ਨੂੰ ਗੁਰ ਜੀ ਦੀ ਰੂਹਾਨੀ ਸ਼ਖ਼ਸੀਅਤ ਦੀ ਪਹਿਚਾਣ ਹੋ ਗਈ। ਰਾਇ ਬੁਲਾਰ ਉਸ ਦਿਨ ਤੋਂ ਗੁਰੂ ਜੀ ਦਾ ਮੁਰੀਦ ਬਣ ਗਿਆ ਤੇ ਉਸ ਨੇ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਉਹ ਨਾਨਕ ਨੂੰ ਕੇਵਲ ਆਪਣਾ ਪੁੱਤਰ ਹੀ ਨਾ ਸਮਝੇ, ਉਹ ਰੱਬੀ-ਦਰਗਾਹ ਦਾ ਸਨਮਾਨਿਤ ਵਲੀ ਹੈ।

ਇਸ ਇਤਿਹਾਸਕ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਇਮਾਰਤ ਬਣੀ ਹੋਈ ਹੈ ਤੇ ਹੁਣ ਇਹ ਪਾਵਨ ਅਸਥਾਨ ਨਨਕਾਣਾ ਸਾਹਿਬ ਦੀ ਘਣੀ ਆਬਾਦੀ ਵਿਚ ਸਥਿਤ ਹੈ। ਵੰਡ ਤੋਂ ਪਿਛੋਂ ਇਥੇ ਕਦੇ ਪ੍ਰਕਾਸ਼ ਨਹੀਂ ਹੋਇਆ। ਪ੍ਰਕਾਸ਼ ਅਸਥਾਨ 'ਤੇ ਤਸਵੀਰ ਸਿੱਖ ਯਾਤਰੂਆਂ ਦੇ ਜਾਣ ਸਮੇਂ ਰੱਖੀ ਜਾਂਦੀ ਹੈ। ਵਣ ਦਾ ਦਰੱਖ਼ਤ ਇਸ ਕੌਤਕ ਦੀ ਇਤਿਹਾਸਕਤਾ ਨੂੰ ਦਰਸਾ ਰਿਹਾ ਹੈ।

## ਗੁਰਦੁਆਰਾ ਕਿਆਰਾ ਸਾਹਿਬ (ਨਨਕਾਣਾ ਸਾਹਿਬ)

ਇਹ ਗੁਰਦੁਆਰਾ, ਗੁਰਦੁਆਰਾ ਜਨਮ ਅਸਥਾਨ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਨਮ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਬਚਪਨ ਵਿਚ ਇਕ ਦਿਨ ਮੱਝੀਆਂ ਚਰਾਣ ਲਈ ਬਾਹਰ ਖੇਤਾਂ ਵੱਲ ਲੈ ਗਏ। ਰੁੱਖ ਦੀ ਠੰਡੀ ਛਾਂ ਹੇਠ ਬੈਠਿਆਂ ਗੁਰੂ ਜੀ ਦੀ ਸੁਰਤਿ ਕੁਦਰਤ ਦੇ ਕਾਦਰ ਨਾਲ ਜੁੜ ਗਈ ਤੇ ਮੱਝੀਆਂ ਕਿਸੇ ਕਿਸਾਨ ਦੀ ਫਸਲ 'ਚ ਜਾ ਵੜੀਆਂ। ਫਸਲ ਵੇਖਣ ਆਇਆ ਕਿਸਾਨ, ਮੱਝੀਆਂ ਖੇਤ ਚਰਦੀਆਂ ਦੇਖ ਬਹੁਤ ਕ੍ਰੋਧ ਵਿਚ ਆਇਆ। ਰੌਲਾ ਸੁਣ ਗੁਰੂ ਜੀ ਦੀ ਅੱਖ ਖੁੱਲ੍ਹ ਗਈ। ਗੁਰੂ ਨਾਨਕ ਨਿਰੰਕਾਰੀ ਨੂੰ ਦੇਖ ਉਹ ਠਠੰਬਰ ਗਿਆ, ਪਰ ਸ਼ਿਕਾਇਤ ਜਾ ਰਾਇ ਬੁਲਾਰ ਅੱਗੇ ਕੀਤੀ। ਗੁਰੂ ਜੀ ਨੇ ਮੱਝੀਆਂ ਘਰ ਵੱਲ ਨੂੰ ਹਿੱਕ ਲਈਆਂ। ਵਾਪਸੀ 'ਤੇ ਗੁਰੂ ਜੀ ਨੇ ਪਿਆਰ ਨਿਗਾਹ ਨਾਲ ਖੇਤ ਵੱਲ ਤੱਕਿਆ, ਕਿਸਾਨ ਦਾ ਖੇਤ ਹਰਿਆ ਭਰਿਆ ਹੋ ਗਿਆ।

ਕਿਸਾਨ ਨੇ ਸਾਰੀ ਵਾਰਤਾ ਦੁਖੀ ਮਨ ਨਾਲ ਰਾਇ ਬੁਲਾਰ ਨੂੰ ਦੱਸੀ। ਰਾਇ ਬੁਲਾਰ ਨੇ ਆਪਣੇ ਆਦਮੀ ਫਸਲ ਦੇਖਣ ਘੱਲੇ। ਖੇਤ ਹਰਿਆ ਭਰਿਆ ਸੀ। ਇਹ ਕੌਤਕ ਤੱਕ ਸਭ ਹਿੰਦੂ, ਮੁਸਲਮਾਨਾਂ ਵਿਚ ਗੁਰੂ ਜੀ ਦਾ ਮਾਣ-ਸਤਿਕਾਰ ਹੋਰ ਵਧਿਆ।

ਇਹ ਗੁਰਦੁਆਰਾ ਉਸ ਖੇਤ ਵਿਚ ਬਣਿਆ ਹੋਇਆ ਹੈ। ਇਮਾਰਤ ਵਿਸ਼ਾਲ ਹੈ। ਪੂਰੇ ਖੇਤ ਦੇ ਦੁਆਲੇ ਚਾਰ ਦੀਵਾਰੀ ਕਰ ਵਿਚਕਾਰ ਸਰੋਵਰ ਬਣਾਇਆ ਗਿਆ ਹੈ। ਇਸ ਗੁਰਦੁਆਰੇ 'ਤੇ ਪੰਥਕ ਪ੍ਰਬੰਧ ਹੋਣ ਤੋਂ ਪਹਿਲਾਂ, ਇਕ ਮਹੰਤ ਫ਼ੌਜਾਂ ਸਿੰਘ ਤੇ ਦੋ ਪੱਤੀਦਾਰ ਉਜਾਗਰ ਸਿੰਘ ਤੇ ਮਹੰਤਨੀ ਇੰਦਰ ਕੌਰ ਕਾਬਜ਼ ਸਨ। ਫਰਵਰੀ 1921 ਈ. ਤੋਂ ਪਿਛੋਂ ਇਹ ਗੁਰਦੁਆਰਾ ਪੰਥਕ ਪ੍ਰਬੰਧ ਹੇਠ ਆ ਗਿਆ। 1947 ਈ. ਤੋਂ ਪਿਛੋਂ ਇਹ ਗੁਰਦੁਆਰਾ ਪਾਕਿਸਤਾਨ ਵਕਫ਼ ਬੋਰਡ ਦੇ ਪ੍ਰਬੰਧ ਅਧੀਨ ਹੈ। ਹੁਣ ਸਰੋਵਰ ਸੁੱਕਾ ਹੋਇਆ ਹੈ ਤੇ ਇਸ ਅਸਥਾਨ 'ਤੇ ਪ੍ਰਕਾਸ਼ ਵੀ ਨਹੀਂ ਹੁੰਦਾ। ਕੇਵਲ ਯਾਦਗਾਰੀ ਇਮਾਰਤ ਹੀ ਹੈ।

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

# ਜਨਵਰੀ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

**1. ਕਾਰਜਕਾਰਨੀ ਕਮੇਟੀ ਦੀ ਮੀਟਿੰਗ :-** ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ ਵਿਚ 07-01-2019 ਨੂੰ ਪ੍ਰਧਾਨ ਜਗੀਰ ਸਿੰਘ ਲਾਲੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ 43 ਮੈਂਬਰ ਅਤੇ 5 ਸਪੈਸ਼ਲ ਇਨਵਾਇਟੀਜ਼ ਨੇ ਭਾਗ ਲਿਆ। ਪ੍ਰਧਾਨ ਜੀ ਨੇ ਮੀਟਿੰਗ ਵਿਚ ਭਵਨ ਦੀਆਂ ਗਤੀਵਿਧੀਆਂ ਅਤੇ ਭਵਨ ਵਿਚ ਚਲ ਰਹੇ ਪ੍ਰੋਜੈਕਟਾਂ ਬਾਰੇ ਚਾਨਣਾਂ ਪਾਇਆ। ਮੀਟਿੰਗ ਵਿਚ ਪ੍ਰਧਾਨ ਜੀ ਵੱਲੋਂ ਦੋ ਮਤੇ ਪੇਸ਼ ਕੀਤੇ ਗਏ। ਪਹਿਲਾ ਮਤਾ ਸ. ਹਿੰਮਤ ਸਿੰਘ ਸਾਬਕਾ ਰਿਜ਼ਨਲ ਪ੍ਰਧਾਨ ਚੰਡੀਗੜ੍ਹ ਅਤੇ ਸ. ਸੁਰਿੰਦਰ ਸਿੰਘ ਰੂਬੀ ਸਾਬਕਾ ਸੰਪਾਦਕ ਲੁਬਾਣਾ ਸੇਵਕ ਬਾਰੇ ਪੇਸ਼ ਕੀਤਾ ਗਿਆ। ਸ. ਹਿੰਮਤ ਸਿੰਘ ਨੂੰ ਫਾਉਂਡੇਸ਼ਨ ਦਾ ਚਾਰਜ ਬਤੌਰ ਰਿਜ਼ਨਲ ਪ੍ਰਧਾਨ ਦਿੱਤਾ ਗਿਆ ਸੀ। ਉਨ੍ਹਾਂ ਵੱਲੋਂ ਕੋਈ ਪ੍ਰਗਤੀ ਨਹੀਂ ਦਿਖਾਈ ਗਈ ਅਤੇ ਨਾਂ ਹੀ ਕਮੇਟੀ ਦੀ ਕੋਈ ਬਣਤਰ ਕੀਤੀ ਗਈ। ਉਨ੍ਹਾਂ ਵੱਲੋਂ ਅਸਮਰਥਾ ਪ੍ਰਗਟ ਕਰਦੇ ਹੋਏ ਉਨ੍ਹਾਂ ਨੇ ਸ. ਰਾਜਪਾਲ ਸਿੰਘ ਜੀ ਦਾ ਨਾਮ ਤਜਵੀਜ਼ ਕੀਤਾ। ਸ. ਹਿੰਮਤ ਸਿੰਘ ਦੀ ਸਿਫਾਰਿਸ਼ ਤੇ ਹੀ ਸ. ਰਾਜਪਾਲ ਸਿੰਘ ਜੀ ਨੂੰ ਬਤੌਰ ਰਿਜ਼ਨਲ ਪ੍ਰਧਾਨ ਚੰਡੀਗੜ੍ਹ ਨਿਯੁਕਤ ਕਰ ਦਿੱਤਾ ਗਿਆ ਸੀ, ਜੋ ਬਾਖ਼ੂਬੀ ਆਪਣੀ ਡਿਊਟੀ ਨਿਭਾ ਰਹੇ ਹਨ। ਪਰ ਸ. ਹਿੰਮਤ ਸਿੰਘ ਨੇ ਭਵਨ ਦੇ ਵਿਰੁੱਧ ਕੋਰਟ ਕੇਸ ਕੀਤਾ ਜਿਸ ਕਾਰਨ ਉਹਨਾਂ ਨੂੰ ਵਰਕਿੰਗ ਕਮੇਟੀ ਅਤੇ ਕਾਰਜਕਾਰਨੀ ਕਮੇਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਸ. ਰੂਬੀ ਜੀ ਨੂੰ ਬਾਰ-ਬਾਰ ਸੁਚੇਤ ਕੀਤਾ ਗਿਆ ਸੀ ਕਿ ਪੁਰਵ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਮਟੀਰੀਅਲ ਲੁਬਾਣਾ ਸੇਵਕ ਵਿਚ ਨਾ ਛਾਪਿਆ ਜਾਵੇ। ਪਰ ਇਸ ਦੇ ਬਾਵਜੂਦ ਵੀ ਉਨ੍ਹਾਂ ਨੇ ਪੂਰਵਲ ਪ੍ਰਵਾਨਗੀ ਤੋਂ ਬਿੰਨਾਂ ਹੀ ਅਗਸਤ 2018 ਦੇ ਐਡੀਸ਼ਨ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਲੁਬਾਣਾ ਕੌਮ ਬਾਰੇ ਬੜਾ ਵਿਵਾਦਾਤਮਿਕ ਲੇਖ ਛਾਪਿਆ। ਐਡੀਟੋਰੀਅਲ ਕਮੇਟੀ ਦੀ ਸਿਫਾਰਿਸ਼ ਤੇ ਸ. ਸੁਰਿੰਦਰ ਸਿੰਘ ਰੂਬੀ ਨੂੰ ਬਤੌਰ ਸੰਪਾਦਕ ਬਰਖ਼ਾਸਤ ਕਰ ਦਿੱਤਾ ਗਿਆ ਸੀ। ਉਪਰੋਕਤ ਦੋਵੇਂ ਅਹੁਦੇਦਾਰਾਂ ਪ੍ਰਤੀ ਕੀਤੀ ਗਈ ਕਾਰਵਾਈ ਲਈ ਅਨੁਸ਼ਾਸ਼ਨਿਕ ਕਮੇਟੀ ਨੇ ਸਹਿਮਤੀ ਪ੍ਰਗਟ ਕੀਤੀ ਹੈ।

ਦੂਸਰਾ ਮਤਾ ਜਨਰਲ ਸਕੱਤਰ ਵੱਲੋਂ ਅਹੁਦੇ ਦੀ ਕੁਵਰਤੋਂ, ਬੇਨਿਯਮਤੀਆਂ ਅਤੇ ਘਾਤਕ ਸਾਜਿਸ਼ਾਂ ਰਚੀਆਂ ਗਈਆਂ। ਇਹ ਵਧੀਕੀਆਂ ਦਿਨੋਂ-ਦਿਨ ਵਧਦੀਆਂ ਗਈਆਂ ਨੂੰ ਵਾਚਦੇ ਹੋਏ ਫਾਉਂਡੇਸ਼ਨ ਨੇ ਅਨੁਸ਼ਾਸ਼ਨਿਕ ਕਮੇਟੀ ਨੂੰ ਮਾਮਲੇ ਦੀ ਪੜਤਾਲ ਕਰਕੇ ਤੁਰੰਤ ਰਿਪੋਰਟ ਪੇਸ਼ ਕਰਨ ਦੀ ਬੇਨਤੀ ਕੀਤੀ ਸੀ। ਅਨੁਸ਼ਾਸ਼ਨਿਕ ਕਮੇਟੀ ਵੱਲੋਂ ਮਾਮਲੇ ਦੀ ਮੁਕੰਮਲ ਪੜਤਾਲ ਕਰਨ ਉਪਰੰਤ ਆਪਣੀ ਰਿਪੋਰਟ ਪੇਸ਼ ਕਰਦੇ ਹੋਏ ਸਿਫਾਰਿਸ਼ ਕੀਤੀ ਸੀ ਕਿ ਫਾਉਂਡੇਸ਼ਨ ਦੇ ਸੰਵਿਧਾਨ ਅਨੁਸਾਰ ਅਜਿਹੇ ਅਹੁਦੇਦਾਰ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਅਨੁਸ਼ਾਸ਼ਨਿਕ ਕਮੇਟੀ ਦੀ ਰਿਪੇਰਟ ਮੁਤਾਬਿਕ ਜਨਰਲ ਸਕੱਤਰ ਦੀਆਂ ਸੇਵਾਵਾਂ ਬਰਖ਼ਾਸਤ ਕਰ ਦਿੱਤੀਆਂ ਗਈਆਂ।

ਦੋਵੇਂ ਮਤੇ ਕਾਰਜਕਾਰਨੀ ਕਮੇਟੀ ਨੇ ਬਹੁਸੰਮਤੀ ਨਾਲ ਪਾਸ ਕਰ ਦਿੱਤੇ ਹਨ ਅਤੇ ਸ. ਰਵਿੰਦਰ ਸਿੰਘ ਜੋ ਸਕੱਤਰ ਸਨ ਨੂੰ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਹੈ।





2. **ਲੋਹੜੀ ਦਾ ਤਿਉਹਾਰ ਮਨਾਉਣ ਸਬੰਧੀ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30ਏ, ਚੰਡੀਗੜ੍ਹ ਵਿਖੇ ਧੀਆਂ ਦੀ ਲੋਹੜੀ ਦਾ ਤਿਉਹਾਰ 13 ਜਨਵਰੀ ਦੁਪਹਿਰ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਲੋਹੜੀ ਦੇ ਤਿਉਹਾਰ ਵਿਚ ਅਹੁਦੇਦਾਰ, ਮੈਂਬਰ ਸਾਹਿਬਾਨ ਅਤੇ ਭਵਨ ਦੇ ਸਾਰੇ ਸਟਾਫ ਨੇ ਵੱਧ ਚੜ੍ਹ ਕੇ ਹਿਸਾ ਲਿਆ। ਭਵਨ ਦੇ ਵਿਹੜੇ ਵਿਚ ਲੱਕੜਾਂ ਅਤੇ ਪਾਥੀਆਂ ਦਾ ਇੱਕ ਵੱਡਾ ਸਟਾਲ ਬਣਾਇਆ ਗਿਆ। ਲੋਹੜੀ ਬਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਸਭ ਅਹੁਦੇਦਾਰ,ਮੈਂਬਰਾਂ ਅਤੇ ਸਟਾਫ ਨੇ ਮੱਕੀ ਦੇ ਫੁਲੇ, ਤਿਲ, ਮੂੰਗਫਲੀਆਂ ਅਤੇ ਰਿਉੜੀਆਂ ਬਲਦੀ ਲੋਹੜੀ ਵਿਚ ਸੁੱਟ ਕੇ ਮੱਥਾ ਟੇਕਿਆ ਅਤੇ ਸਭ ਨਵਜੰਮੀਆਂ ਧੀਆਂ ਦੀ ਲੰਮੀ ਉਮਰ ਅਤੇ ਸੁੱਚਜੇ ਜੀਵਨ ਦੀ ਕਾਮਨਾ ਕੀਤੀ। ਗਚਕ ਅਤੇ ਰਿਉੜੀਆਂ ਦਾ ਪ੍ਰਸ਼ਾਦ ਵੰਡਿਆ ਗਿਆ ਅਤੇ ਲੋਹੜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਭਵਨ ਦੇ ਸੇਵਾਦਾਰ ਮਦਨ ਲਾਲ ਸ਼ਰਮਾ ਨੇ ਭੰਗੜਾ ਪਾ ਕੇ ਸਭ ਦਾ ਮਨੋਰੰਜਨ ਕੀਤਾ ਸਭ ਹਾਜ਼ਰ ਪੁਰਸ਼ਾਂ ਅਤੇ ਔਰਤਾਂ ਨੇ ਤਾੜੀਆਂ ਮਾਰ ਕੇ ਮਦਨ ਲਾਲ ਦਾ ਹੌਂਸਲਾ ਵਧਾਇਆ। ਸਭ ਹਾਜ਼ਰ ਮੈਂਬਰਾਂ ਅਤੇ ਸਟਾਫ ਨੂੰ ਚਾਹ ਅਤੇ ਪਕੌੜਿਆਂ ਦਾ ਪ੍ਰਸ਼ਾਦ ਵੰਡਿਆ ਗਿਆ।





3. **ਓ.ਬੀ.ਸੀ ਦੀ ਰੀਜ਼ਰਵੇਸ਼ਨ ਸਬੰਧੀ** :- ਪੰਜਾਬ ਇੰਜੀਨੀਅਰਿੰਗ ਕਾਲਜ ਡੀਮਡ ਯੂਨੀਵਰਸਿਟੀ ਵਿਚ ਰਿਜ਼ਰਵੇਸ਼ਨ ਬਾਰੇ ਜੋ ਅਪੀਲ ਸੁਪਰੀਮ ਕੋਰਟ ਵਿਚ ਪਾਈ ਹੋਈ ਸੀ ਉਸ ਦੀ ਸੁਣਵਾਈ ਹੋ ਚੁੱਕੀ ਹੈ ਅਤੇ ਮਾਨਯੋਗ ਕੋਰਟ ਵੱਲੋਂ ਯੂ.ਟੀ. ਸਰਕਾਰ ਅਤੇ ਕੇਂਦਰ ਸਰਕਾਰ ਨੂੰ ਨੋਟਿਸ ਆਫ ਮੋਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਹ ਇਕ ਵੱਡੀ ਸਫਲਤਾ ਹੈ। ਜਿਸ ਅਧਾਰ ਤੇ ਮਾਨਯੋਗ ਹਾਈ ਕੋਰਟ ਨੇ ਫੈਸਲਾ ਦਿੱਤਾ ਸੀ ਉਸ ਦੀ ਸਹੀ ਕਲੈਰੀਫਿਕੇਸ਼ਨ ਦੇ ਦਿੱਤੀ ਗਈ ਹੈ।ਅਗਲੀ ਸੁਣਵਾਈ ਬਾਰੇ ਦਸ ਦਿੱਤਾ ਜਾਵੇਗਾ।

**4. ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਬੰਧੀ** :- ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਨੇ ਕੁੱਲ 83 ਅਰਜ਼ੀਆਂ ਚੁਣੀਆਂ ਸਨ। ਸਾਰੀਆਂ ਹੀ ਚੁਣੀਆਂ ਹੋਈਆਂ ਅਰਜ਼ੀਆਂ ਨੂੰ ਚੈੱਕ ਭੇਜ ਦਿੱਤੇ ਗਏ ਹਨ। ਉਮੀਦ ਹੈ ਕੈਸ਼ ਹੋ ਚੁੱਕੇ ਹੋਣਗੇ। ਜੇ ਕੋਈ ਕਮੀ ਰਹਿ ਗਈ ਹੋਵੇ ਤਾਂ ਭਵਨ ਨੂੰ ਦਸ ਦੇਣਾ ਚਾਹੀਦਾ ਹੈ ਤਾਂ ਕਿ ਨਵੇਂ ਚੈੱਕ ਭੇਜ ਸਕੀਏ। ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਸਰਹਿੰਦ ਜੋ ਇੱਕ ਐਨ.ਜੀ.ਓ. ਚਲਾ ਰਿਹਾ ਹੈ ਜਿਸ ਦੇ ਸਰਹਿੰਦ ਵਿਚ ਤਿੰਨ ਸਕੂਲ ਹਨ। ਇਸ ਸਕੂਲ ਦੇ ਅੱਠ ਵਿਦਿਆਰਥੀ ਸਕਾਲਰਸ਼ਿਪ ਲਈ ਚੁੱਣੇ ਗਏ ਸਨ ਅਤੇ ਸਕੂਲ ਦੀ ਕਮੇਟੀ ਦੀ ਬੇਨਤੀ ਤੇ ਪ੍ਰਧਾਨ ਜਗੀਰ ਸਿੰਘ ਲਾਲੀਆ ਸਮੇਤ ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ, ਵਿੱਤ ਸਕੱਤਰ ਸ. ਹਰਦਿਆਲ ਸਿੰਘ ਘੋਤੜਾ, ਖੇਤਰੀ ਪ੍ਰਧਾਨ ਸ. ਅਮਰਜੀਤ ਸਿੰਘ ਅਤੇ ਰਿਜ਼ਨਲ ਪ੍ਰਧਾਨ ਸ. ਰਾਜਪਾਲ ਸਿੰਘ ਨੇ ਆਪ ਸਰਹਿੰਦ ਜਾ ਕੇ ਚੈੱਕ ਵੰਡੇ। ਸਾਰੀ ਹੀ ਪ੍ਰਬੰਧਕ ਕਮੇਟੀ ਵੀ ਹਾਜ਼ਰ ਸੀ। ਪ੍ਰਧਾਨ ਜੀ ਨੇ ਵਿਦਿਆਰਥੀਆਂ, ਕਮੇਟੀ ਦੇ ਮੈਂਬਰ ਅਤੇ ਸਾਰੇ ਸਟਾਫ ਨੂੰ ਸੰਬੋਧਨ ਕੀਤਾ ਅਤੇ ਵਿਦਿਆਰਥੀਆਂ ਨੂੰ ਚੈੱਕ ਵੰਡੇ। ਕਮੇਟੀ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੀ ਮੈਨੇਜਮੈਂਟ ਦਾ ਧੰਨਵਾਦ ਕੀਤਾ ਅਤੇ ਭਵਨ ਵਾਸਤੇ "Award of Honour" ਸ਼ੀਲਡ ਵੀ ਭੇਂਟ ਕੀਤੀ।







**5. ਕਾਨਫਰੈਂਸ ਹਾਲ ਸਬੰਧੀ** :- ਕਾਨਫਰੈਂਸ ਹਾਲ ਤਿਆਰ ਹੋ ਚੁੱਕਾ ਹੈ ਅਤੇ ਅਗਲੀ ਵਰਕਿੰਗ ਕਮੇਟੀ ਦੀ ਮੀਟਿੰਗ ਵਾਲੇ ਦਿਨ ਉਦਘਾਟਨ ਕਰ ਦਿੱਤਾ ਜਾਵੇਗਾ।

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ

ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਜਨਵਰੀ ਮਹੀਨੇ ਦੇ ਇਲਾਜ ਦਾ ਵੇਰਵਾ ਦਾ ਵੇਰਵਾ ਇਸ ਤਰ੍ਹਾਂ ਹੈ:–

**ਜਨਵਰੀ ਮਹੀਨੇ ਦੇ ਇਲਾਜ ਦਾ ਵੇਰਵਾ:-**

1. ਮੈਡੀਕਲ ਓ.ਪੀ.ਡੀ – 110
2. ਮੇਡੀਕਲ ਲੈਬ – 24
3. ਡੈਂਟਲ ਕਲੀਨਿਕ – 29

**ਮੈਡੀਕਲ ਕੈਂਪ ਬਾਰੇ** :- ਜਨਵਰੀ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 5 ਕੈਂਪ ਲਗਾਏ ਗਏ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–

| **ਲੜੀ ਨੰ.** | **ਮਿਤੀ ਅਤੇ ਸਥਾਨ** | | **ਮਰੀਜ਼** |
|---|---|---|---|
| 1. | ਐਹਮਦਪੁਰ | – | 20 |
| 2. | ਅਕਬਰੁਪੁਰ | – | 17 |
| 3. | ਸੈਨਨ ਮਜਰਾ | – | 20 |
| 4. | ਬਾਹਮਣ ਮਾਜਰਾ | – | 23 |
| 5. | ਬਟਾਰਾ | – | 25 |




**ਸ. ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

# ਅਪੀਲ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ ਵਿਖੇ ਸੋਲਰ ਸਿਸਟਮ ਸਥਾਪਿਤ ਕਰਨ ਸਬੰਧੀ



ਯੂ.ਟੀ. ਸਰਕਾਰ ਵੱਲੋਂ ਚੰਡੀਗੜ੍ਹ ਵਿਖੇ ਵੱਡੀਆਂ ਇਮਾਰਤਾਂ ਅਤੇ ਭਵਨਾਂ ਆਦਿ ਦੀਆਂ ਬਿਲਡਿੰਗਾਂ ਉੱਤੇ ਸੋਲਰ ਸਿਸਟਮ ਸਥਾਪਿਤ ਕਰਨਾ ਲਾਜ਼ਮੀ ਕਰ ਦਿੱਤਾ ਹੈ। ਇਸ ਤਰ੍ਹਾਂ ਯੂ.ਟੀ ਪ੍ਰਸ਼ਾਸ਼ਨ ਦੇ ਇਹਨਾਂ ਹੁਕਮਾਂ ਦੀ ਤਾਮੀਲ ਵਿਚ ਫਾਉਂਡੇਸ਼ਨ ਵੱਲੋਂ ਇਹ ਮੁੱਦਾ ਮਿਤੀ 07-01-2019 ਨੂੰ ਕਾਰਜਕਾਰਨੀ ਕਮੇਟੀ ਅੱਗੇ ਪੇਸ਼ ਕੀਤਾ ਗਿਆ ਅਤੇ ਕਮੇਟੀ ਦੇ ਧਿਆਨ ਵਿਚ ਲਿਆਇਆ ਗਿਆ ਕਿ ਸੋਲਰ ਸਿਸਟਮ ਲਗਵਾਉਣ ਤੇ ਲਗਭਗ 20-25 ਲੱਖ ਰੁਪਏ ਦਾ ਖਰਚਾ ਆਵੇਗਾ। ਕਮੇਟੀ ਵੱਲੋਂ ਇਹ ਮਤਾ ਪਾਸ ਕਰ ਦਿੱਤਾ ਗਿਆ। ਸੋਲਰ ਸਿਸਟਮ ਲਗਵਾਉਣ ਲਈ ਇੱਕ ਮਹੀਨੇ ਦਾ ਸਮਾਂ ਹੈ। ਇਸ ਵਿਤੀ ਬੋਝ ਨੂੰ ਫਾਉਂਡੇਸ਼ਨ ਇੱਕਲੀ ਨਹੀਂ ਉੱਠਾ ਸਕਦੀ। ਇਸ ਮੰਤਵ ਲਈ ਸਮੂਹ ਮੈਂਬਰਾਂ ਅਤੇ ਸੰਗਤ ਦੇ ਸਹਿਯੋਗ ਦੀ ਅਤਿ ਲੋੜ ਹੈ। ਇਸ ਲਈ ਫਾਉਂਡੇਸ਼ਨ ਵੱਲੋਂ ਸਮੂਹ ਮੈਂਬਰਾਂ ਅਤੇ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਮੰਤਵ ਲਈ ਵੱਧ ਤੋਂ ਵੱਧ ਯੋਗਦਾਨ ਦੇ ਕੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕਰੋ। ਜੋ ਮੈਂਬਰ ਜਾਂ ਸੰਗਤ 50,000/- ਰੁ: ਦਾ ਯੋਗਦਾਨ ਪਾਉਣਗੇ ਉਹਨਾਂ ਦਾ ਨਾਮ ਫਾਉਂਡੇਸ਼ਨ ਦੇ ਬੋਰਡ ਉੱਤੇ ਲਿਖਿਆ ਜਾਵੇਗਾ। ਇਸ ਲਈ ਮੈਂ ਸਮੂਹ ਮੈਂਬਰਾਂ ਅਤੇ ਸੰਗਤਾਂ ਨੂੰ ਮੁੜ ਬੇਨਤੀ ਕਰਦਾ ਹਾਂ ਕਿ ਇਸ ਗੁਰੂ ਘਰ ਦੇ ਕਾਰਜ ਵਿਚ ਵੱਧ-ਚੜ੍ਹ ਕੇ ਹਿੱਸਾ ਪਾਉਣ ਦੀ ਕ੍ਰਿਪਾਲਤਾ ਕਰਨੀ ਜੀ।

ਧੰਨਵਾਦ ਸਹਿਤ

**ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ**
**ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।**

# ਸਤਿਕਾਰ ਸਹਿਤ ਗੁਰ ਸਾਗਰ ਦੇ ਸੁੱਚੇ ਮੋਤੀ ’ਚੋਂ

ਗਿਆਨੀ ਚੇਤ ਸਿੰਘ

## ਸੰਤ ਬਿਸ਼ਨ ਸਿੰਘ ਜੀ ਦਾ ਅੰਤਮ ਸੰਸਕਾਰ

ਆਪ ਜੀ ਦੇ ਪੰਚ ਭੂਤਕ ਸਰੀਰ ਦਾ ਅੰਤਮ ਸੰਸਕਾਰ ਡੇਰੇ ਵਿਚ ਹੀ ਕੀਤਾ ਗਿਆ। ਆਪ ਜੀ ਦੀਆਂ ਅਸਥੀਆਂ ਨਿਰਮਲ ਭੇਖ ਦੀ ਮਰਯਾਦਾ ਅਨੁਸਾਰ ਹਰਿਦੁਆਰ ਸੰਤ ਪ੍ਰੇਮ ਸਿੰਘ ਜੀ ਨੇ ਕੁਝ ਪ੍ਰੇਮੀਆਂ ਨੂੰ ਨਾਲ ਲੈ ਕੇ ਪ੍ਰਵਾਹ ਕੀਤੀਆਂ ਅਤੇ ਇਥੇ ਅਖਾੜੇ ਵਿਚ ਲੱਡੂਆਂ ਦਾ ਭੰਡਾਰ ਕੀਤਾ। ਯਥਾ ਯੋਗ ਅਖਾੜੇ ਦੀ ਭੇਟਾ ਆਦਿ ਸਭ ਮਰਯਾਦਾ ਕੀਤੀ। ਮੁਰਾਲੇ ਆ ਕੇ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਦੁਸਹਿਰੇ ਵਾਲੇ ਦਿਨ ਪਾਇਆ। ਬਹੁਤ ਸਾਰੇ ਸੰਤ ਮਹੰਤ ਤੇ ਸਿੱਖ ਸੰਗਤਾਂ ਪੁੱਜੀਆਂ। ਇਥੇ ਭੀ ਲੱਡੂਆਂ ਦਾ ਬੜਾ ਭਾਰੀ ਭੰਡਾਰਾ ਕੀਤਾ ਅਤੇ ਯਥਾ ਯੋਗ ਸਭ ਦੀ ਭੇਟਾ ਤੇ ਸ੍ਰੋਪੇ ਦਿੱਤੇ।

ਇਸ ਸਮਾਗਮ ਤੇ ਇਤਨੀ ਮਾਇਆ ਆਈ ਕਿ ਡੇਰੇ ਦਾ ਕਰਜ਼ਾ ਆਦਿ ਤੇ ਲੰਗਰ ਭੰਡਾਰੇ ਦਾ ਖਰਚ ਕਰਕੇ ਭੀ ਬਹੁਤ ਸਾਰੀ ਮਾਇਆ ਬਚ ਰਹੀ। ਇਸ ਤਰ੍ਹਾਂ ਸੰਤ ਬਾਬਾ ਬਿਸ਼ਨ ਸਿੰਘ ਜੀ ਮਹਾਨ ਤਪੱਸਵੀ ਜੀ ਦਾ ਅੰਤਮ ਸੰਸਕਾਰ ਭੀ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਬੜੀ ਸ਼ਾਨ ਨਾਲ ਕੀਤਾ। ਇਹ ਸਮਾਗਮ ਸਿੱਖ ਸੰਗਤਾਂ ਤੇ ਸ਼ਰਧਾਲੂ ਵੇਖ ਕੇ ਬਹੁਤ ਖੁਸ਼ ਹੋਏ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮੰਗਣੀ

ਆਪ ਜੀ ਦੀ ਮੰਗਣੀ ਪਿੰਡ ਡਿੰਗੇ, ਜ਼ਿਲ੍ਹਾ ਸ਼ੇਖੂਪੁਰੇ ਵਿਚ ਹੋਏ ਸੀ। ਜਦੋਂ ਆਪ ਮੁਰਾਲੇ ਚਲੇ ਗਏ ਤਾਂ ਉਹ ਲੜਕੀ ਕੁੱਝ ਸਮਾਂ ਪਿੱਛੋਂ ਹੀ ਅਕਾਲ ਚਲਾਣਾ ਕਰ ਗਈ। ਇਹ ਕਿਸੇ ਦੀ ਮਨਘੜਤ ਗੱਲ ਹੈ ਕਿ ਜਦੋਂ ਸੰਤ ਬਿਸ਼ਨ ਸਿੰਘ ਜੀ ਦੇ ਫੁੱਲ ਸੰਤ ਬਾਬਾ ਪ੍ਰੇਮ ਸਿੰਘ ਜੀ ਹਰਿਦੁਆਰ ਪ੍ਰਵਾਹ ਕਰਨ ਲਈ ਗਏ ਸਨ ਉਦੋਂ ਉਸ ਲੜਕੀ ਦਾ ਪਿਤਾ ਉਸ ਦੇ ਫੁੱਲ ਭੀ ਲੈ ਕੇ ਹਰਿਦੁਆਰ ਪੁੱਜਾ ਤਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਉਸ ਲੜਕੀ ਦੇ ਫੁੱਲ ਭੀ ਆਪਣੇ ਹੱਥੀ ਪ੍ਰਵਾਹ ਕੀਤੇ, ਬਿਲਕੁਲ ਗਲਤ ਗੱਲ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਇਕ ਵੇਰ ਬਾਬਾ ਵਸਾਵਾ ਸਿੰਘ ਜੀ ਮੁਰਾਲੇ ਆਏ, ਦਾਸ ਨੂੰ ਮਿਲੇ। ਬਾਬਾ ਵਸਾਵਾ ਸਿੰਘ ਜੀ ਨੇ ਕਈ ਗੱਲਾਂ ਆਪਣੀ ਥੁੜ ਦੀਆਂ ਕੀਤੀਆਂ, ਜੋ ਇਥੇ ਲਿਖਣੀਂ ਮੈਂ ਯੋਗ ਨਹੀਂ ਸਮਝਦਾ। ਪਰ ਮੇਰੇ ਨਾਲ ਉਨ੍ਹਾਂ ਸੰਤਾਂ ਦੇ ਰਿਸ਼ਤੇ ਦੀ ਜਾਂ ਉਹਨਾਂ ਨਾਲ ਮੰਗੀ ਲੜਕੀ ਦੀ ਕੋਈ ਗੱਲ ਨਹੀਂ ਕੀਤੀ। ਜੇਕਰ ਕੋਈ ਅਜਿਹੀ ਗੱਲ ਹੁੰਦੀ ਤਾਂ ਉਹ ਮੇਰੇ ਨਾਲ ਜ਼ਰੂਰ ਕਰਦੇ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਉਦੋਂ ਲਗਭਗ ਪੰਦਰਾਂ ਸਾਲ ਉਮਰ ਸੀ ਜਦੋਂ ਉਹ ਮੁਰਾਲੇ ਗਏ ਤੇ ਅੱਠਾਂ ਸਾਲਾਂ ਪਿਛੋਂ ਉਨ੍ਹਾਂ ਨੂੰ ਗੱਦੀ ਮਿਲੀ। ੧੯੦੫ ਵਿਚ ਸੰਤ ਬਿਸ਼ਨ ਸਿੰਘ ਜੀ ਅਕਾਲ ਚਲਾਣਾ ਕਰ ਗਏ ਤੇ ਮਹਾਂਪੁਰਖ ਉਨ੍ਹਾਂ ਦੇ ਫੁੱਲ ਤਾਰਨ ਲਈ ਹਰਿਦੁਆਰ ਗਏ। ਭਾਵ ਅੱਠ ਸਾਲ ਤਾਂ ਉਸ ਲੜਕੀ ਦਾ ਕਿਸੇ ਨੇ ਜ਼ਿਕਰ ਤੱਕ ਨਹੀਂ ਕੀਤਾ ਅਤੇ ਸੰਤ ਬਿਸ਼ਨ ਸਿੰਘ ਜੀ ਦੇ ਫੁੱਲਾਂ ਨੂੰ ਪ੍ਰਵਾਹ ਕਰਨ ਸਮੇਂ ਉਸ ਲੜਕੀ ਦਾ ਸੰਬੰਧ ਨਾਲ ਲਿਆ ਜੋੜਿਆ ਹੈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਉਸ ਦੇ ਫੁੱਲ ਆਪਣੀ ਹੱਥੀਂ ਪ੍ਰਵਾਹ ਕੀਤੇ ਸਨ। ਬਾਅਦ ਵਿਚ ਮੇਰੇ ਨਾਲ ਕਈ ਵੇਰ ਗੱਲ ਹੁੰਦੀ ਰਹੀ ਹੈ ਕਿ ਸੰਬੰਧ ਹੋਇਆ ਸੀ ਪਰ ਲੜਕੀ ਮੁਰਾਲੇ ਪੁੱਜਣ ਪਿਛੋਂ ਗੁਜ਼ਰ ਗਈ ਸੀ।


## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਨਿੱਤ ਦੀ ਕਿਰਿਆ

ਆਪ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਦੀ ਕਿਰਿਆ ਕਰਕੇ ਨਿਤਨੇਮ ਕਰਨ ਉਪਰੰਤ ਸਮਾਧੀ ਸਥਿਤ ਹੋ ਕੇ ਨਾਮ ਸਿਮਰਨ ਦਾ ਅਭਿਆਸ ਕਰਦੇ। (ਆਪ ਦੱਸਦੇ ਸਨ ਕਿ ਕੁੱਝ ਸਮਾਂ ਅਸੀਂ ਰੋਜ਼ ਸ੍ਰੀ ਅਕਾਲ ਉਸਤਤ ਸਾਹਿਬ ਜੀ, ਜੋ ਕਲਗੀਧਰ ਦਸਮੇਸ਼ ਪਿਤਾ ਜੀ ਦੀ ਬਹੁਤ ਵੱਡੀ ਬਾਣੀ ਹੈ, ਉਸ ਦੇ ੨੫ ਪਾਠ ਰੋਜ਼ ਕਰਦੇ ਸਾਂ, ਇਸੇ ਲਈ ਆਪ ਕੀਰਤਨ ਸਮੇਂ ਦਸਮ ਪਾਤਸ਼ਾਹ ਜੀ ਦੀ ਇਸੇ ਬਾਣੀ ਦੇ ਬਹੁਤ ਪ੍ਰਮਾਣ ਦਿਆ ਕਰਦੇ ਸਨ।) ਨਿਤਨੇਮ ਕਰਨ ਉਪਰੰਤ ਥੋੜ੍ਹਾ ਸੈਰ ਕਰਨ ਜਾਂਦੇ ਸਨ, ਫਿਰ ਆ ਕੇ ਆਸਾ ਦੀ ਵਾਰ ਦੇ ਕੁੱਝ ਸਲੋਕ ਨਾਲ ਆਪ ਸ਼ਬਦ ਕੀਰਤਨ ਕਰਦੇ ਸਨ। ਆਪ ਜੀ ਨੂੰ ਅਕਾਲ ਪੁਰਖ ਨੇ ਬੜੇ ਸੁੰਦਰ ਰਸੀਲੇ ਗਲੇ ਦੀ ਦਾਤ ਬਖਸ਼ੀ ਹੋਈ ਸੀ। ਜਦੋਂ ਆਪ ਗੁਰਬਾਣੀ ਦੇ ਅਤੇ ਦਸਮ ਪਾਤਸ਼ਾਹ ਦੀ ਬਾਣੀ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਸਵਈਆਂ ਦੇ ਪ੍ਰਮਾਣ ਦਿੰਦੇ ਸਨ ਤਾਂ ਸਰੋਤਿਆਂ ਤੇ ਅਜਿਹਾ ਪ੍ਰਭਾਵ ਪੈਂਦਾ ਸੀ ਕਿ ਉਨ੍ਹਾਂ ਦੀ ਬਿਰਤੀ ਕੀਰਤਨ ਸੁਣਦਿਆਂ ਵਾਹਿਗੁਰੂ ਦੇ ਚਰਨਾਂ ਵਿਚ ਜੁੜ ਜਾਂਦੀ ਸੀ। ਆਪ ਜੀ ਕੀਰਤਨ ਦੇ ਆਸ਼ਕ ਸਨ, ਇਸ ਲਈ ਰੋਜ਼ ਕੀਰਤਨ ਕਰਨ ਦਾ ਆਪ ਨੇ ਨੇਮ ਬਣਾ ਲਿਆ ਸੀ। ਕੀਰਤਨ ਉਪਰੰਤ ਆਪ ਆਪਣੇ ਟਿਕਾਣੇ ਪੁੱਜ ਜਾਂਦੇ ਅਤੇ ਆਈ ਗਈ ਸੰਗਤ ਨੂੰ ਮਿਲ ਕੇ ਉਨ੍ਹਾਂ ਦੀ ਖੁਸ਼ੀ ਹਾਸਲ ਕਰਦੇ। ਮਾਲ ਡੰਗਰ ਮੱਝਾਂ ਆਦਿ ਨੂੰ ਭੀ ਇਕ ਵੇਰ ਰੋਜ਼ ਦੇਖਦੇ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਮਹਾਰਾਜਾ ਰਣਜੀਤ ਸਿੰਘ
## ਜੀਵਨ ਅਤੇ ਘਾਲਣਾ

ਕਿਰਪਾਲ ਸਿੰਘ ਰਿਸਰਚ ਸਕਾਲਰ



### ਪੰਜਾਬ ਦੀ ਰਾਜਨੀਤਿਕ ਹਾਲਤ

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ 1790 ਵਿਚ ਆਪਣੀ ਮਿਸਲ ਸ਼ੁਕਰਚੱਕੀਆ ਦੀ ਵਾਂਗਡੋਰ ਸੰਭਾਲੀ ਉਦੋਂ ਪੰਜਾਬ, ਖਾਸ ਕਰ ਕੇ ਇਸ ਦਾ ਕੇਂਦਰੀ ਹਿੱਸਾ (ਦਰਿਆ ਜਿਹਲਮ ਅਤੇ ਸਤਲੁਜ ਦੇ ਦਰਮਿਆਨ ਦਾ ਇਲਾਕਾ) ਵੱਖ-ਵੱਖ ਮਿਸਲਾਂ ਅਤੇ ਸਰਦਾਰਾਂ ਦੀਆਂ ਹਕੂਮਤਾਂ ਦੇ ਤਹਿਤ ਸੀ, ਜਿਨ੍ਹਾਂ ਵਿਚੋਂ ਭੰਗੀ ਮਿਸਲ ਪ੍ਰਮੁੱਖ ਸੀ ਜਿਸ ਪਾਸ ਦਰਿਆ ਜਿਹਲਮ ਦੇ ਲੰਬੇ ਪੱਟੀਦਾਰ ਇਲਾਕੇ ਤੋਂ ਇਲਾਵਾ ਗੁਜਰਾਤ, ਸਿਆਲਕੋਟ, ਲਾਹੌਰ ਅਤੇ ਅੰਮ੍ਰਿਤਸਰ ਵਰਗੇ ਬਹੁਤ ਅਹਿਮ ਇਲਾਕੇ ਸਨ। ਇਹ ਇਲਾਕੇ ਖਿੰਡੇ-ਪੁੰਡੇ ਹੋਏ ਸਨ। ਵਜ਼ੀਰਾਬਾਦ ਸਰਦਾਰ ਜੋਧ ਸਿੰਘ ਦੇ ਤਹਿਤ ਸੀ। ਗੁਜਰਾਂਵਾਲਾ ਰਣਜੀਤ ਸਿੰਘ ਦੀ ਆਪਣੀ ਮਿਸਲ ਸ਼ੁਕਰਚੱਕੀਆ ਦਾ ਕੇਂਦਰੀ ਸਥਾਨ ਸੀ। ਸ਼ੁਕਰਚੱਕੀਆ ਮਿਸਲ ਦਾ ਸਿਆਲਕੋਟ, ਗੁਜਰਾਤ ਅਤੇ ਦਰਿਆ ਜਿਹਲਮ ਦੇ ਪਾਰ ਪਿੰਡ ਦਾਦਨ ਕਲਾਂ ਅਤੇ ਮਿਆਣੀ 'ਤੇ ਵੀ ਕਬਜ਼ਾ ਸੀ। ਅੰਮ੍ਰਿਤਸਰ ਅਤੇ ਲੁਧਿਆਣੇ ਦੇ ਦਰਮਿਆਨ ਦਾ ਕੇਤਰ ਵੀ ਕਈ ਸਰਦਾਰਾਂ ਦਰਮਿਆਨ ਵੰਡਿਆ ਹੋਇਆ ਸੀ ਜਿਨ੍ਹਾਂ ਵਿਚੋਂ ਕਨ੍ਹਈਆ ਮਿਸਲ ਪ੍ਰਮੁੱਖ ਸੀ ਅਤੇ ਗੁਰਦਾਸਪੁਰ ਵਿਚ ਬਟਾਲਾ ਉਸ ਦਾ ਕੇਂਦਰ ਸੀ। ਆਹਲੂਵਾਲੀਆ ਮਿਸਲ ਦੇ ਕਬਜ਼ੇ ਹੇਠ ਜਲੰਧਰ ਅਤੇ ਹੁਸ਼ਿਆਰਪੁਰ ਦਰਮਿਆਨ ਦਾ ਇਲਾਕਾ ਸੀ ਅਤੇ ਕਪੂਰਥਲਾ ਉਸ ਦਾ ਕੇਂਦਰੀ ਸਥਾਨ ਸੀ। ਜਲੰਧਰ ਦੇ ਕਈ ਖਿੱਤਿਆਂ ਉਤੇ ਰਾਮਗੜ੍ਹੀਆ ਮਿਸਲ ਦਾ ਕਬਜ਼ਾ ਸੀ ਜਿਨ੍ਹਾਂ ਦੀ ਮਾਲਕੀ ਦਰਿਆ ਸਤਲੁਜ ਤੋਂ ਪਾਰ ਵੀ ਸੀ। ਲਾਹੌਰ ਅਤੇ ਮੁਲਤਾਨ ਦਰਮਿਆਨ ਪੈਂਦੇ ਇਲਾਕਿਆਂ ਵਿਚ ਕਸੂਰ ਦੇ ਪਠਾਣ, ਪਾਕਪੱਟਣ ਦੇ ਨੱਕਈ ਮਿਸਲ ਵਾਲੇ ਅਤੇ ਝੰਗ ਦੇ ਸਿਆਲ ਕਾਬਜ਼ ਸਨ। ਰਾਜੌਰੀ, ਭਿੰਬਰ, ਜੰਮੂ ਅਤੇ ਨਾਲ ਲੱਗਦੇ ਕੁਝ ਇਲਾਕਿਆਂ 'ਤੇ ਮੁਸਲਮਾਨ ਅਤੇ ਰਾਜਪੂਤ ਸਰਦਾਰਾਂ ਦਾ ਰਾਜ ਸੀ। ਕਾਂਗੜੇ ਦੇ ਪਹਾੜੀ ਇਲਾਕੇ 'ਤੇ ਇਕ ਹਿੰਦੂ ਰਾਜੇ ਸੰਸਾਰ ਚੰਦ ਦਾ ਕਬਜ਼ਾ ਸੀ, ਪਰ ਚੰਬੇ ਦਾ ਇਲਾਕਾ ਰਾਜਾ ਚੜ੍ਹਤ ਸਿੰਘ ਪਾਸ ਸੀ। ਮੁਲਤਾਨ ਨਵਾਬ ਮੁਜ਼ੱਫਰ ਖਾਨ ਸਦੋਜ਼ਾਈ ਕੋਲ ਸੀ। ਜਿਥੇ ਦਰਿਆ ਸਿੰਧ ਦੇ ਪਾਰ, ਡੇਰਾ ਇਸਮਾਈਲ ਖਾਨ, ਸਮਦ ਖਾਨ ਕੋਲ ਸੀ। ਅਟਕ ਦਾ ਕਿਲ੍ਹਾ ਵਜ਼ੀਰ ਖੇਲ ਦੇ ਸਰਦਾਰ ਜਹਾਂਦਾਦ ਦੇ ਕਬਜ਼ੇ ਹੇਠ ਸੀ ਅਤੇ ਮਨਕੇੜਾ, ਬੰਨੂੰ, ਕੋਹਾਟ ਅਤੇ ਟੌਂਕ ਛੋਟੇ-ਛੋਟੇ ਮੁਸਲਮਾਨ ਸਰਦਾਰਾਂ ਪਾਸ ਸਨ। ਪਿਸ਼ਾਵਰ ਦੀ ਘਾਟੀ ਫਤਹਿ ਖਾਨ ਬਾਰਕੁਜ਼ਾਈ ਅਤੇ ਕਸ਼ਮੀਰ ਉਤੇ ਉਸ ਦੇ ਭਰਾ ਆਜ਼ਿਮ ਖਾਨ ਦਾ ਸਾਸ਼ਨ ਸੀ। ਇਹਨਾਂ ਵਿਚੋਂ ਬਹੁਤੇ ਮੁਸਲਮਾਨ ਸਰਦਾਰ ਤਾਂ ਪਹਿਲਾਂ ਕਦੀ ਅਫਗਾਨਿਸਤਾਨ ਦੇ ਸ਼ਾਸਕਾਂ ਦੇ ਤਹਿਤ ਹੀ ਹੁੰਦੇ ਸਨ ਪਰ ਅਹਿਮਦ ਸ਼ਾਹ ਅਬਦਾਲੀ ਦੀ ਮੌਤ ਤੋਂ ਬਾਅਦ ਇਹ ਇਲਾਕੇ ਆਜ਼ਾਦਾਨਾ ਤੌਰ 'ਤੇ ਹੀ ਵਿਚਰਦੇ ਸਨ।

ਦਰਿਆ ਸਤਲੁਜ ਦੇ ਪਾਰ ਦਾ ਇਲਾਕਾ (Cis Satluj) ਪਟਿਆਲਾ, ਜੀਂਦ, ਨਾਭਾ ਰਾਜ ਘਰਾਣਿਆਂ ਅਤੇ ਦੂਸਰੇ ਛੋਟੇ-ਛੋਟੇ ਸਰਦਾਰਾਂ ਦਰਮਿਆਨ ਵੰਡਿਆ ਹੋਇਆ ਸੀ। ਇਨ੍ਹਾਂ ਵਿਚੋਂ ਬਹੁਤਿਆਂ ਦਾ ਫੂਲਕੀਆ ਖਵਾਨਦਾਨ ਨਾਲ ਸੰਬੰਧ ਸੀ ਅਤੇ ਉਸ ਵਕਤ ਵੀ ਉਨ੍ਹਾਂ ਨੂੰ ਇਸੇ ਨਾਂ (ਫੂਲਕੀਆ) ਨਾਲ ਜਾਣਿਆ ਜਾਂਦਾ ਸੀ। ਇਕ ਹੋਰ ਮਿਸਲ ਨਿਸ਼ਾਨਵਾਲੀਆ ਪਾਸ ਵੀ ਅੰਬਾਲਾ ਅਤੇ ਸਹਾਰਨਪੁਰ ਦੇ ਕੁਝ ਇਲਾਕੇ ਸਨ। ਪੰਜਾਬ ਵਿਚ ਮਲੇਰਕੋਟਲਾ ਦੇ ਛੋਟੇ ਜਿਹੇ ਰਾਜ ਉਤੇ ਅਫਗਾਨੀ ਰਾਜ ਘਰਾਣੇ ਦਾ ਕਬਜ਼ਾ ਸੀ। ਇਸ ਤਰ੍ਹਾਂ ਪੰਜਾਬ ਅਤੇ ਇਸ ਦੇ ਆਸ-ਪਾਸ ਦਾ ਇਲਾਕਾ ਬਹੁਤ ਛੋਟੇ-ਛੋਟੇ ਖਿੱਤਿਆਂ ਵਿਚ ਵੰਡਿਆ ਹੋਇਆ ਸੀ। ਪਰ ਦੂਜੇ ਪਾਸੇ ਬਹੁਤ ਵੱਡਾ ਅਤੇ ਸ਼ਕਤੀਸ਼ਾਲੀ ਅੰਗਰੇਜ਼ੀ ਦੈਂਤ ਸਾਮਰਾਜ ਈਸਟ

ਇੰਡੀਆ ਕੰਪਨੀ ਦੇ ਤਹਿਤ ਤੇਜ਼ੀ ਨਾਲ ਵੱਧ ਫੁਲ ਰਿਹਾ ਸੀ। ਉਹ ਹਰ ਜਾਇਜ਼ ਨਜਾਇਜ਼ ਤਰੀਕੇ ਨਾਲ ਹਿੰਦੁਸਤਾਨ ਦੇ ਇਕ ਵੱਡੇ ਇਲਾਕੇ ਉਤੇ ਆਪਣੀ ਹਕੂਮਤ ਕਾਇਮ ਕਰ ਚੁੱਕਾ ਸੀ ਅਤੇ ਉਹ ਆਪਣੇ ਸਾਮਰਾਜ ਨੂੰ ਅਫਗਾਨਿਸਤਾਨ ਤੋਂ ਵੀ ਪਾਰ ਤੱਕ ਫੈਲਾਉਣਾ ਚਾਹੁੰਦਾ ਸੀ ਅਤੇ ਇਸ ਪਾਸੇ ਸੰਜੀਦਗੀ ਨਾਲ ਕਾਰਜਸ਼ੀਲ ਸੀ। ਇਸ ਵਕਤ ਪੰਜਾਬ ਬਹੁਤ ਸਾਰੇ ਹਿੱਸਿਆਂ ਵਿਚ ਵੰਡਿਆ ਹੋਇਆ ਹੋਣ ਕਰਕੇ ਰਾਜਨੀਤਿਕ ਤੌਰ ’ਤੇ ਬਹੁਤ ਕਮਜ਼ੋਰ ਸੀ ਅਤੇ ਉਹ ਕਿਸੇ ਬਾਹਰਲੇ ਸ਼ਕਤੀਸ਼ਾਲੀ ਹਮਲਾਵਰ ਦਾ ਇਕੱਠੇ ਹੋ ਕੇ ਮੁਕਾਬਲਾ ਕਰਨ ਦੇ ਯੋਗ ਵੀ ਨਹੀਂ ਸੀ। ਸਿੱਖ ਮਿਸਲਾਂ ਵਿਚ ਵੀ ਸਹਿਯੋਗ ਦੀ ਬਹੁਤ ਘਾਟ ਸੀ ਸਗੋਂ ਉਨ੍ਹਾਂ ਵਿਚ ਵੀ ਆਪਸੀ ਹਿੱਤਾਂ ਨੂੰ ਲੈ ਕੇ ਕਾਫੀ ਖਿੱਚੋਤਾਣ ਰਹਿੰਦੀ ਸੀ। ਭੰਗੀਆਂ ਦੀ ਮਿਸਲ ਭਾਵੇਂ ਸਭ ਤੋਂ ਵੱਧ ਤਾਕਤਵਰ ਸੀ ਪਰ ਉਹ ਲਾਹੌਰ, ਅੰਮ੍ਰਿਤਸਰ ਅਤੇ ਗੁਜਰਾਤ ਤਿੰਨ ਥਾਵਾਂ ਵਿਚ ਵੰਡੀ ਹੋਈ ਸੀ। ਕਨ੍ਹਈਆ ਮਿਸਲ ਦੀ ਰਾਮਗੜ੍ਹੀਆ ਮਿਸਲ ਨਾਲ ਅਤੇ ਰਾਮਗੜ੍ਹੀਆ ਮਿਸਲ ਦੀ ਆਹਲੂਵਾਲੀਆ ਮਿਸਲ ਨਾਲ ਖਹਿਬਾਜ਼ੀ ਸੀ। ਇਸੇ ਤਰ੍ਹਾਂ ਮਿਸਲ ਸ਼ੁਕਰਚੱਕੀਆ ਅਤੇ ਮਿਸਲ ਭੰਗੀਆਂ ਦਰਮਿਆਨ ਕਸ਼ਮਕਸ਼ ਚੱਲਦੀ ਰਹਿੰਦੀ ਸੀ। ਇਸ ਵਿਚ ਕਨ੍ਹਈਆ ਮਿਸਲ ਵੀ ਸਾਮਲ ਸੀ। ਇਸੇ ਤਰ੍ਹਾਂ ਸਾਰੀਆਂ ਮਿਸਲਾਂ ਇਕ ਦੂਜੀ ਨਾਲ ਲੜਦੀਆਂ, ਝਗੜਦੀਆਂ ਰਹਿੰਦੀਆਂ ਸਨ। ਕਦੀ ਇਕ ਮਿਸਲ ਦਾ ਦੂਜੀ ਨਾਲ ਸਮਝੌਤਾ ਹੋ ਜਾਂਦਾ, ਕਦੀ ਦੂਜੀ ਕਿਸੇ ਤੀਜੀ ਦੇ ਖਿਲਾਫ਼ ਜੰਗ ਛੇੜ ਦਿੰਦੀ। ਇਸ ਤਰ੍ਹਾਂ ਅੱਖ ਝਪਕੇ ਇਕ ਦੂਜੇ ਪ੍ਰਤੀ ਵਫ਼ਾਦਾਰੀਆਂ ਵੀ ਬਦਲ ਜਾਂਦੀਆਂ। ਇਹੋ ਹੀ ਹਾਲ ਮੁਸਲਿਮ ਸਰਦਾਰਾਂ ਦਾ ਸੀ ਭਾਵੇਂ ਕਿ ਉਨ੍ਹਾਂ ਵਿਚੋਂ ਬਹੁਤੇ ਅਹਿਮਦ ਸ਼ਾਹ ਦੁਰਾਨੀ ਦੀ ਉਪਜ ਸਨ ਅਤੇ ਪਿਛੋਕੜ ਇਕ ਹੋਣ ਦੇ ਬਾਵਜੂਦ ਵੀ ਇਕੱਠੇ ਨਹੀਂ ਸਨ। ਹੁਣ ਉਹ ਆਪਣੇ ਕਬਜ਼ੇ ਹੇਠਲੇ ਇਲਾਕਿਆਂ ’ਤੇ ਪਕੜ ਬਣਾਈ ਰੱਖਣ ਦੀ ਹੀ ਸੋਚਦੇ ਸਨ। ਇਸ ਤਰ੍ਹਾਂ ਉਨ੍ਹੀਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਪੰਜਾਬ ਵਿਚ ਅਜਿਹੀ ਰਾਜਨੀਤਿਕ ਹਾਲਤ ਦੇ ਹੁੰਦਿਆਂ ਅਗਰ ਮਹਾਰਾਜਾ ਰਣਜੀਤ ਸਿੰਘ ਇਕ ਮਜ਼ਬੂਤ ਖ਼ਾਲਸਾ ਰਾਜ ਨੂੰ ਨਾ ਘੜਦਾ ਤਾਂ ਨਿਰਸੰਦੇਹ ਅੰਗਰੇਜ਼ ਹੁਣ ਤੋਂ ਹੀ ਇਸ ਖਿੱਤੇ ਦੇ ਮਾਲਕ ਹੁੰਦੇ। ਇਕ ਅੰਗਰੇਜ਼ ਯਾਤਰੀ ਜਾਰਜ ਫੋਰਸਟਰ ਜਿਸ ਨੇ ਸੰਨ 1783 ਵਿਚ (ਉਦੋਂ ਰਣਜੀਤ ਸਿੰਘ ਸਿਰਫ਼ ਤਿੰਨ ਸਾਲਾਂ ਦਾ ਸੀ) ਹਿੰਦੁਸਤਾਨ ਦੇ ਉੱਤਰੀ ਇਲਾਕਿਆਂ ਦੀ ਯਾਤਰਾ ਕੀਤੀ ਅਤੇ ਇਸ ਖਿੱਤੇ ਦੀ ਰਾਜਨੀਤਿਕ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਆਪਣੀ ਪੁਸਤਕ ‘ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ’ ਵਿਚ ਇਸ ਤਰ੍ਹਾਂ ਦੀ ਭਵਿੱਖਬਾਣੀ ਕੀਤੀ ਕਿ ਆਉਣ ਵਾਲੇ ਵਕਤ ਵਿਚ ਉਹ ਕਿਸੇ ਐਸੇ ਉਤਸ਼ਾਹਪੂਰਨ ਸਰਦਾਰ ਨੂੰ ਦੇਖ ਸਕਦੇ ਹਨ ਜੋ ਆਪਣੀ ਅਕਲ ਅਤੇ ਕਾਮਯਾਬੀ ਨਾਲ ਆਪਣੇ ਸਾਥੀਆਂ ਦੀ ਸ਼ਕਤੀ ਨੂੰ ਜਜ਼ਬ ਕਰੇਗਾ ਅਤੇ ਉਨ੍ਹਾਂ ਦੇ ਸੁਤੰਤਰ ਰਾਜਾਂ ਦੇ ਖੰਡਰਾਂ ’ਤੇ ਆਪਣੀ ਹਕੂਮਤ ਦੇ ਝੰਡੇ ਗੱਡੇਗਾ। ਇਤਿਹਾਸ ਦੇ ਪੰਨੇ ਅਜਿਹੇ ਕਾਰਨਾਮਿਆਂ ਨਾਲ ਭਰੇ ਪਏ ਹਨ ਜੋ ਅਜਿਹੇ ਹਾਲਾਤ ਦੀ ਉਪਜ ਹੁੰਦੇ ਹਨ। ਉਸ ਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਸਿੱਖ ਛੇਤੀ ਹੀ ਹਿੰਦੁਸਤਾਨ ਦੇ ਰਾਜਿਆਂ ਵਿਚੋਂ ਪਹਿਲੇ ਨੰਬਰ ’ਤੇ ਆ ਜਾਣਗੇ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

# ਕਮਰਿਆਂ ਦੀ ਬੁਕਿੰਗ

ਲਈ ਹੇਠ ਲਿਖੇ ਮੋਬਾਇਲ ਨੰਬਰ ’ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਰੀਤੀਆਂ ਤੋਂ ਕੁਰੀਤੀਆਂ

ਸੰਤ ਸੇਵਾ ਸਿੰਘ ਰਾਮਪੁਰ ਖੇੜਾ ਸਾਹਿਬ

1. **ਜਨਮ ਦਿਨ ਮਨਾਉਣ ਦੀ ਰੀਤ** - ਗੁਰੂ ਚਾਲੀ ਤਾਂ ਸੀ ਕਿ ਬੱਚੇ ਦੇ ਮਾਂ ਬਾਪ, ਪਰਿਵਾਰ, ਰਿਸ਼ਤੇਦਾਰ, ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਜੁੜਦੇ, ਬਾਣੀ ਪੜ੍ਹ ਗੁਰੂ ਕੀਰਤੀ ਕਰ, ਬੱਚੇ ਨੂੰ "**ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ**" ਦੀਆਂ ਅਸੀਸਾਂ ਲੈ ਕੇ ਦਿੰਦੇ ਪਰ ਪੱਛਮੀ ਸਭਿਅਤਾ ਦੇ ਪ੍ਰਭਾਵ ਅਧੀਨ ਅੱਜ ਅਸੀਂ ਗੁਰੂ ਅਸੀਸ ਪ੍ਰਾਪਤ ਕਰਨ ਦੀ ਥਾਂ ਵੱਡੇ-ਵੱਡੇ ਪਾਰਟੀ ਹਾਊਸਾਂ ਵਿਚ ਜਾ ਕੇ, ਨੱਚ ਟੱਪ ਕੇ, ਅਸ਼ਲੀਲ ਗਾਣੇ ਗਾ, ਕੇਕ ਕੱਟ ਕੇ, ਹਜ਼ਾਰਾਂ ਰੁਪਏ ਖਰਚ ਕੇ ਬੱਚਿਆਂ ਦੇ ਜਨਮ ਦਿਨ ਮਨਾਉਂਦੇ ਹਾਂ। ਬੱਚਿਆਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੀ ਥਾਂ ਅਸੀਂ ਆਪਣੇ ਬੱਚਿਆਂ ਨੂੰ ਪੱਛਮੀ ਸਭਿਅਤਾ ਦੇ ਨਾਲ ਜੋੜ ਕੇ ਗੁਰੂ ਅਸੀਸ ਅਤੇ ਗੁਰੂ ਚਾਲੀ ਤੋਂ ਦੂਰ ਕਰ ਰਹੇ ਹਾਂ। ਗੁਰੂ ਅਗਵਾਈ ਪ੍ਰਾਪਤ ਕਰਕੇ ਵੀਚਾਰਨ ਦੀ ਲੋੜ ਹੈ। ਕਿਤੇ ਆਪਾਂ ਜਨਮ ਦਿਨ ਮਨਾਉਣ ਦੀ ਰੀਤ ਨੂੰ ਕੁਰੀਤੀ ਤਾਂ ਨਹੀਂ ਬਣਾ ਰਹੇ।

2. **ਅਨੰਦ ਕਾਰਜ** - ਜਨਮ ਦਿਨ ਤੋਂ ਪਿੱਛੋਂ ਬੱਚੇ ਦੇ ਵਿਆਹ ਦੀ ਗੱਲ ਤੁਰਦੀ ਹੈ। ਗੁਰੂ ਮਹਾਰਾਜ ਜੀ ਨੇ ਪ੍ਰੋਹਤ ਪ੍ਰੰਪਰਾ ਤੋਂ ਛੁਟਕਾਰਾ ਦੁਆ ਕੇ ਬੜਾ ਸਾਦਾ ਤਰੀਕਾ ਗ੍ਰਿਹਸਤ ਵਿਚ ਪ੍ਰਵੇਸ਼ ਕਰਨ ਦਾ ਦਰਸਾਇਆ ਸੀ ਪਰ ਅੱਜ ਅਸੀਂ ਉਸ ਸਾਦੇ ਤਰੀਕੇ ਨੂੰ ਇੰਨਾ ਗੁੰਝਲਦਾਰ ਅਤੇ ਪੇਚੀਦਾ ਬਣਾ ਲਿਆ ਹੈ ਕਿ ਜਿਥੋਂ ਵੀ ਜਿਸ ਧਰਮ ਦੀ ਕੋਈ ਰੀਤ ਪ੍ਰਚਲਤ ਸੀ, ਉਸ ਨੂੰ ਹੀ ਸਾਡੇ ਸਿੱਖਾਂ ਨੇ ਅਪਣਾ ਲਿਆ ਹੈ। ਮੈਨੂੰ ਇਕ ਵਿਆਹ ਦਾ ਸੱਦਾ ਪੱਤਰ ਡਾਕ ਰਾਹੀਂ ਆਇਆ, ਉਸ ਕਾਰਡ ਦੀ ਕੀਮਤ ਤਕਰੀਬਨ 100 ਤੋਂ 150 ਰੁਪਏ ਤੱਕ ਹੋਵੇਗੀ। ਉਸ ਝੋਲੇ-ਨੁਮਾ ਕਾਗ਼ਜ਼ ਦੇ ਬਣਾਏ ਲਫਾਫੇ ਵਿਚ ਪੂਰੇ ਸਤ ਕਾਰਡ ਸਨ, ਇਕੱਲੇ-ਇਕੱਲੇ ਕਾਰਡ ਉੱਤੇ ਇਕੱਲੇ-ਇਕੱਲੇ ਦਿਨ ਦਾ ਪ੍ਰੋਗਰਾਮ ਛਪਿਆ ਹੋਇਆ ਸੀ। ਜੇ ਮੈਂ ਤੁਹਾਨੂੰ ਦਸਾਂ ਸ਼ਾਇਦ ਤੁਸੀਂ ਅਤ-ਕਥਨੀ ਸਮਝੋਗੇ। ਪਰ ਮੈਂ ਆਪਣੀ ਸਿਮ੍ਰਤੀ ਵਿਚੋਂ ਅੱਖਰ-ਅੱਖਰ ਸੱਚ ਦੱਸ ਰਿਹਾ ਹਾਂ। ਪਹਿਲੇ ਕਾਰਡ ਦਾ ਹੈਡਿੰਗ ਸੀ :

(1) ਝਾਕਾ-ਠਾਕਾ ਪਾਰਟੀ (2) ਸਹਿਜ ਪਾਠ ਦਾ ਭੋਗ-ਰਿੰਗ ਸੈਰੇਮਨੀ-ਪਾਰਟੀ (3) ਟਿੰਕੂ-ਮਿੰਕੂ ਵੱਲੋਂ ਸੱਦਾ ਪੱਤਰ ਨਚ ਲੌ ਟਪ ਲੌ ਪਾਰਟੀ (4) ਸ਼ਾਮ ਨੂੰ ਲੇਡੀ ਸੰਗੀਤ ਜਾਗੋ ਪਾਰਟੀ (5) ਸ਼ਾਮ ਸਮੇਂ ਆਤਿਸਬਾਜ਼ੀ-ਪਾਰਟੀ (6) ਅਨੰਦ ਕਾਰਜ ਪਾਰਟੀ (7) ਸ਼ੁਕਰਾਨਾ ਦਿਵਸ, ਸਹਿਜ ਪਾਠ ਦਾ ਭੋਗ, ਗੁਰੂ ਦਾ ਲੰਗਰ, ਰਾਤ ਨੂੰ ਫਿਰ ਪਾਰਟੀ। ਐਨਾ ਫਜ਼ੂਲ ਖਰਚਾ, ਜਿਸ ਨੂੰ ਵੇਖ ਸੁਣ ਕੇ ਇਕ ਭਲੇ ਪੁਰਸ਼ ਨੂੰ ਲੱਜਾ ਜ਼ਰੂਰ ਆਉਂਦੀ ਹੈ। ਦੂਸਰੇ, ਹੈਰਾਨੀ ਦੀ ਗੱਲ ਇਹ ਹੁੰਦੀ ਹੈ ਕਿ ਜਿਸ ਕਾਰਜ ਵਾਸਤੇ ਇਹ ਸਾਰਾ ਅਡੰਬਰ ਰਚਿਆ ਹੁੰਦਾ ਹੈ, ਅਨੰਦ ਕਾਰਜ ਸਮੇਂ ਲੜਕੀ, ਲੜਕਾ ਜਾਂ ਲੜਕੀ ਲੜਕੇ ਦੇ ਮਾਂ ਬਾਪ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਸਿਵਾਏ ਹੋਰ ਕੋਈ ਗੁਰੂ ਘਰ ਵਿਚ ਹਾਜ਼ਰ ਨਹੀਂ ਹੁੰਦੇ, ਸਭ ਮੈਰਿਜ ਪੈਲੇਸ ਵਿਚ ਖਾਣ-ਪੀਣ ਅਤੇ ਨੱਚਣ-ਟੱਪਣ ਦੇ ਮੌਜ ਮੇਲੇ ਵਿਚ ਮਸਤ ਹੁੰਦੇ ਹਨ, ਬੜੀ ਅਜੀਬ ਜਿਹੀ ਦਸ਼ਾ ਵਰਤ ਰਹੀ ਹੈ। ਇਹੋ ਜਿਹੀ ਅਜੀਬ ਦਸ਼ਾ ਬਨਾਉਣ ਤੋਂ ਸੰਭਲਣ ਦੀ ਲੋੜ ਹੈ। ਜ਼ਰਾ ਸੋਚਣ ਦੀ ਲੋੜ ਹੈ ਕੀ ਆਪਾ ਇਹ ਸਭ ਕੁਝ ਠੀਕ ਕਰ ਰਹੇ ਹਾਂ?

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਮਾਤਾ ਪ੍ਰੀਤਮ ਕੌਰ ਸੁਭਾਨਪੁਰ ਜੀ ਨੂੰ ਨਿੱਘੀ ਸ਼ਰਧਾਂਜਲੀ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮਾਤਾ ਪ੍ਰੀਤਮ ਕੌਰ ਜੀ ਸੁਭਾਨਪੁਰ 12 ਜਨਵਰੀ, 2019 ਨੂੰ ਸਵਰਗ ਸਿਧਾਰ ਗਏ ਸਨ। ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 22 ਜਨਵਰੀ, 2019 ਦਿਨ ਮੰਗਲਵਾਰ ਉਨ੍ਹਾਂ ਦੇ ਗ੍ਰਹਿ 6, ਪ੍ਰਕਾਸ਼ ਨਗਰ, ਨੇੜੇ ਮਾਡਲ ਟਾਊਨ, ਜਲੰਧਰ ਵਿਖੇ ਪਾਏ ਗਏ। ਇਸ ਉਪਰੰਤ 12.00 ਤੋਂ 2.00 ਵਜੇ ਤੱਕ ਕੀਰਤਨ ਅਤੇ ਆਤਮਿਕ ਸ਼ਾਂਤੀ ਲਈ ਅਰਦਾਸ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੁੱਖ ਨਿਵਾਰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਨਗਰ ਜਲੰਧਰ ਵਿਖੇ ਹੋਈ।

ਮਾਤਾ ਪ੍ਰੀਤਮ ਕੌਰ ਸੁਭਾਨਪੁਰ ਜੀ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਲਗਭਗ 76 ਸਾਲ ਦੀ ਉਮਰ ਭੋਗ ਕੇ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਮਾਤਾ ਜੀ ਪਿੰਡ ਗਿਲਜੀਆਂ (ਹੁਸ਼ਿਆਰਪੁਰ) ਸੀ। ਆਪ ਜੀ ਦੇ ਪਿਤਾ ਸਵ. ਪ੍ਰੇਮ ਸਿੰਘ ਅਤੇ ਮਾਤਾ ਪ੍ਰਭ ਕੌਰ ਸਨ। ਆਪ ਜੀ 3 ਭੈਣਾਂ ਅਤੇ 1 ਭਰਾ ਸੀ। ਇਨ੍ਹਾਂ ਦੀ ਸ਼ਾਦੀ ਸੂਬੇਦਾਰ ਅਜੀਤ ਸਿੰਘ ਸੁਭਾਨਪੁਰ ਨਾਲ ਹੋਈ ਅਤੇ ਆਪ ਜੀ ਦੇ ਘਰ ਵਿਚ ਤਿੰਨ ਸਪੁੱਤਰ ਸ. ਰਘਬੀਰ ਸਿੰਘ ਸੁਭਾਨਪੁਰ ਯੂ.ਐਸ.ਏ., ਬਲਵਿੰਦਰ ਸਿੰਘ ਸੁਭਾਨਪੁਰ ਯੂ.ਐਸ.ਏ., ਸੁਖਜਿੰਦਰ ਸਿੰਘ ਸੁਭਾਨਪੁਰ ਯੂ.ਐਸ.ਏ. ਅਤੇ ਇਕ ਸਪੁੱਤਰੀ ਬੀਬੀ ਪ੍ਰਭਜੋਤ ਕੌਰ ਜੀ ਹੋਏ।

ਆਪ ਜੀ ਦੀ ਅੰਤਿਮ ਅਰਦਾਸ ਵਿਚ ਬਹੁਤ ਸਾਰੀਆਂ ਅਹਿਮ ਰਾਜਸੀ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ। ਸ਼ਰਧਾਂਜਲੀ ਸਮਾਗਮ ਵਿਚ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਪ੍ਰਧਾਨ ਸ. ਅਵਤਾਰ ਸਿੰਘ ਮੱਕੜ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ., ਸ਼੍ਰੋਮਣੀ ਕਮੇਟੀ ਮੈਂਬਰ ਸ. ਅਮਰਜੀਤ ਸਿੰਘ ਚਾਵਲਾ, ਐਨ.ਆਰ.ਆਈ. ਸਭਾ ਦੇ ਪ੍ਰਧਾਨ ਸ. ਪ੍ਰੀਤਮ ਸਿੰਘ ਨਾਰੰਗਪੁਰ, ਬਲਵਿੰਦਰ ਸਿੰਘ ਸੀਨੀਅਰ ਵਾਈਸ ਪ੍ਰਧਾਨ ਚੰਡੀਗੜ੍ਹ, ਗੁਲਸ਼ਨ ਕੁਮਾਰ ਸਿੰਘ ਵਾਈਸ ਪ੍ਰਧਾਨ ਚੰਡੀਗੜ੍ਹ, ਨਿਰਮਲ ਸਿੰਘ ਮੈਨਟੀਨੈਸ ਸੈਕਟਰੀ ਚੰਡੀਗੜ੍ਹ, ਕੌਂਸਲਰ ਸੁਖਵਿੰਦਰ ਸਿੰਘ ਬਿੱਲਾ, ਜਗਦੀਸ਼ ਰਾਜਾ ਮੇਅਰ ਜਲੰਧਰ, ਕੌਂਸਲਰ ਬਲਰਾਜ ਠਾਕੁਰ, ਕੌਂਸਲਰ ਸਰਬਜੀਤ ਕੌਰ ਜਲੰਧਰ, ਮਾ. ਫੁੰਮਣ ਸਿੰਘ, ਰਘਬੀਰ ਸਿੰਘ ਰਾਜੂ (ਖਲੀਲ), ਸ. ਭੁਪਿੰਦਰ ਸਿੰਘ, ਮਹਿੰਦਰ ਸਿੰਘ ਹੈਰੀ, ਮਨਜੀਤ ਸਿੰਘ ਸਟਾਰ ਨਾਈਟ, ਹਰਜੀਤ ਸਿੰਘ ਯੂ.ਐਸ.ਏ., ਪ੍ਰਮਿੰਦਰ ਸਿੰਘ ਹੈਪੀ, ਲਖਵਿੰਦਰ ਸਿੰਘ ਬੱਗਾ, ਸ. ਚਰਨ ਸਿੰਘ ਯੂ.ਐਸ.ਏ., ਸ. ਅਮਰੀਕ ਸਿੰਘ, ਬਲਦੇਵ ਸਿੰਘ ਗਿਲਜੀਆਂ, ਗੁਰਚਰਨ ਸਿੰਘ ਧਾਰੀਵਾਲ (ਸਾਰੇ ਯੂ.ਐਸ.ਏ.), ਐਸ.ਐਸ.ਪੀ. ਸ. ਰਜਿੰਦਰ ਸਿੰਘ ਤੇ ਐਸ.ਪੀ. ਸ. ਕੁਲਵਿੰਦਰ ਸਿੰਘ ਥਿਆੜਾ, ਸ. ਮਨਜੀਤ ਸਿੰਘ ਦਸੂਹਾ, ਸਾਬਕਾ ਐਸ.ਈ. ਹਰਭਜਨ ਸਿੰਘ, ਗੁਰਚਰਨ ਸਿੰਘ ਸਾਬਕਾ ਪ੍ਰਧਾਨ ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ, ਭਗਵਾਨ ਸਿੰਘ ਲੁਬਾਣਾ, ਬੇਅੰਤ ਸਿੰਘ ਸਰਹੱਦੀ, ਚਰਨਜੀਤ ਸਿੰਘ ਗੁਰਦੁਆਰਾ ਛੇਵੀਂ ਪਾਤਸ਼ਾਹੀ, ਚੌਧਰੀ ਬਲਬੀਰ ਸਿੰਘ ਮਿਆਣੀ (ਸਾਬਕਾ ਮੰਤਰੀ ਪੰਜਾਬ), ਸ. ਸੁੱਚਾ ਸਿੰਘ ਅਮੋਲ, ਸ. ਸਰਬਜੀਤ ਸਿੰਘ, ਸ. ਤਾਰਾ ਸਿੰਘ ਯੂ.ਐਸ.ਏ., ਸ. ਚਰਨਜੀਤ ਸਿੰਘ, ਸ. ਦਲੀਪ ਸਿੰਘ ਯੂ.ਐਸ.ਏ., ਕੁਲਵਿੰਦਰ ਸਿੰਘ ਮੱਲ੍ਹੀ, ਸਾਬਕਾ ਡੀ.ਐਸ.ਪੀ. ਮਹਿੰਦਰ ਸਿੰਘ, ਸਾਬਕਾ ਡੀ.ਐਸ.ਪੀ. ਅਵਤਾਰ ਸਿੰਘ, ਪ੍ਰਿੰ. ਟਹਿਲ ਸਿੰਘ ਅਤੇ ਇਲਾਕੇ ਦੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇੰਜੀ. ਪ੍ਰਮਿੰਦਰਜੀਤ ਸਿੰਘ (ਮਾਤਾ ਜੀ ਦੇ ਦਾਮਾਦ) ਨੇ ਸਟੇਜ਼ ਸਕੱਤਰ ਦੀ ਸੇਵਾ ਨਿਭਾਈ। ਨਿਊਯਾਰਕ ਤੋਂ ਸ. ਪ੍ਰੀਤਮ ਸਿੰਘ ਗਿਲਜੀਆਂ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਆਪ ਜੀ ਦਾ ਸਾਰਾ ਹੀ ਪਰਿਵਾਰ ਸਮਾਜ ਵਿਚ ਸੋਸ਼ਲ ਅਤੇ ਧਾਰਮਿਕ ਪਰਿਵਾਰ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਯਾਦ ਵਿਚ ਸੁਭਾਨਪੁਰ ਵਿਖੇ 22 ਫਰਵਰੀ 2019 ਨੂੰ ਫ੍ਰੀ ਅੱਖਾਂ ਦਾ ਚੈਕਅੱਪ ਕੈਂਪ ਅਤੇ ਕੀਰਤਨ ਦਰਬਾਰ ਵੀ ਕਰਵਾਇਆ ਜਾ ਰਿਹਾ ਹੈ।

**ਜੋਗਿੰਦਰ ਸਿੰਘ ਅਜੈਬ, ਕੋ-ਐਡੀਟਰ**

# ਕਾਵਿ-ਕਿਆਰੀ

### ਲਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ



## ਰੋਸ

ਤੂੰ ਗੈਰਾਂ ਦਾ ਰੋਸ ਹੰਢਾਇਆ ਤੇ ਆਪਣਿਆਂ ਦਾ ਵਿਤਕਰਾ। ਤੂੰ ਤੇ ਚਲੇ ਗਿਆ ਸੀ ਫਾਂਸੀ ਚੜ੍ਹ ਕੇ ਆਪਣਿਆਂ ਖਾਤਰ। ਆਪਣਾ ਆਪ ਕਰ ਗਿਆ ਸੀ ਸਮਰਪਿਤ ਆਪਣੇ ਦੇਸ਼ ਲਈ। ਤੂੰ ਆਜ਼ਾਦੀ ਦਿੱਤੀ ਆਪਣੇ ਲੋਕਾਂ ਨੂੰ ਤੇ ਰਾਜ ਭਾਗ ਵੀ ਦਿੱਤਾ। ਨਿਰਸੰਦੇਹ ਤੂੰ ਲੋਕਾਂ ਦੇ ਦਿਲਾਂ ਵਿੱਚ ਵੱਸਦਾ ਏਂ ਪਰ ਪਤਾ ਨਹੀਂ ਕਿਉਂ... ਇਹ ਰਾਜ ਭਾਗ ਵਾਲਿਆਂ ਨੇ ਕਿਉਂ ਕਰ ਲਿਆ ਤੇਰੇ ਤੋਂ ਕਿਨਾਰਾ... ਤੇਰੇ ਸੱਚ ਤੋਂ ਡਰਦੇ ਸਨ। ਤੈਨੂੰ ਨਹੀਂ ਦਿੱਤਾ ਇਨ੍ਹਾਂ ਸਰਕਾਰਾਂ ਨੇ ਤੇਰਾ ਬਣਦਾ ਸਤਿਕਾਰ। ਪਰ ਇਕ ਗੱਲ ਮੈਂ ਯਕੀਨ ਨਾਲ ਕਹਿ ਸਕਦਾ ਹਾਂ-ਤੂੰ ਹਿੰਦੁਸਤਾਨ ਦੇ ਲੋਕਾਂ ਦਾ ਮਹਿਬੂਬ ਏਂ। ਤੈਨੂੰ ਸੰਭਾਲ ਰਖਿਆ ਹੈ ਲੋਕਾਂ ਨੇ ਆਪਣਿਆਂ ਦਿਲਾਂ ਵਿੱਚ 'ਤੇ ਜਦੋਂ ਇਹ ਤਖਤਾਂ ਵਾਲੇ ਨਹੀਂ ਰਹਿਣਗੇ ਉਦੋਂ ਵੀ ਰਹੇਗਾ ਤੇਰਾ ਨਾਮ-ਤੇਰਾ ਬਲਿਦਾਨ। ਤੇ ਤੇਰੀ ਤੁਲਨਾ ਆਕਾਸ਼ ਵਿੱਚ ਚਮਕਦੇ ਸੂਰਜ ਨਾਲ ਹੋਇਆ ਕਰੇਗੀ ਧਰਤੀ ਦੇ ਜਗਦੇ ਬੁਝਦੇ ਦੀਵਿਆਂ ਨਾਲ ਨਹੀਂ।

*****

## 2019 ਮੁਬਾਰਕ

ਵੀਹ ਸੌ ਅਠਾਰਾਂ ਛੱਡ ਗਿਆ ਆਪਣੀਆਂ ਪੈੜਾਂ ਦੇ ਨਿਸ਼ਾਨ
ਮਹੱਤਵਪੂਰਨ ਕੁੱਝ ਘਟਨਾਵਾਂ ਲੱਗਾਂ ਕਰਨ ਬਿਆਨ
ਦੋ ਮੁਲਕਾਂ ਦੀ ਖ਼ਲਕਤ ਦਾ ਉਹਨਾਂ ਖਿੱਚਿਆ ਬਹੁਤ ਧਿਆਨ
ਕੋਰੀ-ਡੋਰ ਦੇ ਹੀਰੋ ਬਣ ਗਏ ਸਿੱਧੂ ਤੇ ਇਮਰਾਨ
ਕਰਤਾਰਪੁਰ ਦਾ ਲਾਂਘਾ ਜੇਕਰ ਦੇ ਰਿਹਾ ਪਾਕਿਸਤਾਨ
ਕੀ ਇਸ ਗੱਲ 'ਤੇ ਸ਼ੁਕਰਗੁਜ਼ਾਰ ਤੇ ਖੁਸ਼ ਹੈ ਹਿੰਦੋਸਤਾਨ
ਲੋਕ ਜੇ ਦੇਖਣਾ ਚਾਹੁੰਦੇ ਬਾਬੇ ਨਾਨਕ ਦਾ ਅਸਥਾਨ
ਇਸ ਗੱਲ ਤੇ ਵੀ ਕਿਉਂ ਸਿਆਸਤ ਕਰ ਰਹੇ ਸਿਆਸਤਦਾਨ
ਅਟਲ ਬਿਹਾਰੀ ਬਾਜਪਾਈ ਜੀ ਲੀਡਰ ਸਨ ਮਹਾਨ
ਮਰਨ ਪਿੱਛੋਂ ਵੀ ਜਿਨ੍ਹਾਂ ਨੂੰ ਮਿਲਿਆ ਬਹੁਤ ਸਨਮਾਨ
ਬਣਨ ਨਹੀਂ ਦਿੱਤਾ ਪੀ.ਐੱਮ ਉਸਨੂੰ ਨਾ ਬਣਾਇਆ ਪ੍ਰਧਾਨ
ਮੋਦੀ ਧੜੇ ਨੇ ਤੋੜ ਦਿੱਤੇ ਅਡਵਾਨੀ ਦੇ ਅਰਮਾਨ
ਤਿੰਨ ਸੂਬਿਆਂ ਦੀਆਂ ਚੋਣਾਂ ਤੋਂ ਲੱਗ ਰਿਹਾ ਇਹ ਅਨੁਮਾਨ
ਬੀ.ਜੇ.ਪੀ. ਲਈ ਲੋਕ ਸਭਾ ਦੀ ਚੋਣ ਨਹੀਂ ਰਹੂ ਆਸਾਨ
ਅੰਦਰਖਾਤੇ ਬਾਦਲਾਂ ਉੱਤੇ ਕਰ ਗਿਆ ਉਹ ਅਹਿਸਾਨ
ਕੈਪਟਨ ਦੱਸੇ ਉਸ ਨੇ ਕੀਤਾ ਕਿਹੜਾ ਕੰਮ ਮਹਾਨ
ਬੁੱਤ ਪਰੱਸਤੋਂ ਤੁਹਾਡੇ ਲਈ ਕੀ ਇਹੋ ਕੰਮ ਮਹਾਨ
ਸਰਦਾਰ ਪਟੇਲ ਦਾ ਬੁੱਤ ਲਗਾ ਲਿਆ ਕਿੰਨੀ ਕੁ ਵੱਧ ਗਈ ਸ਼ਾਨ
ਵਿਧਾਇਕਾਂ ਦੀ ਤਨਖਾਹ ਵੱਧਣ ਦੇ ਹੋ ਗਏ ਹਨ ਐਲਾਨ
ਲੋਕਾਂ ਨੂੰ ਕੀ ਰਾਹਤ ਦਿੱਤੀ ਦੱਸੋ ਤਾਂ ਸ਼੍ਰੀਮਾਨ
ਖੁਦਕੁਸ਼ੀਆਂ ਦੇ ਰਾਹ ਪੈ ਕੇ ਗੁਆ ਰਹੇ ਆਪਣੀ ਜਾਨ
ਮੁਲਕ ਦੇ ਰਹਿਬਰੋਂ ਦੱਸੋ ਕਿ ਇੰਝ ਹੀ ਮਰਨ ਕਿਸਾਨ
ਬਹੁਤੇ ਸਿਆਸਤਦਾਨਾਂ ਦਾ ਨਹੀਂ ਹੁੰਦਾ ਦੀਨ ਈਮਾਨ
ਉਹਨਾਂ ਲਈ ਕੀ ਮਾਇਨੇ ਰੱਖਦਾ ਭਾਰਤ ਦਾ ਸੰਵਿਧਾਨ
ਆਮ ਆਦਮੀ ਪਾਰਟੀ ਦੇ ਵਿਚ ਉੱਠਿਆ ਉਦੋਂ ਤੂਫ਼ਾਨ
ਸੁੱਖਪਾਲ ਖਹਿਰੇ ਦਾ ਕੇਜਰੀਵਾਲ ਨੇ ਕੀਤਾ ਜਦੋਂ ਅਪਮਾਨ
ਬਸਪਾ ਆਪ ਤੇ ਕਾਮਰੇਡ ਲਗਦਾ ਛੱਡ ਗਏ ਹਨ ਮੈਦਾਨ
ਪੰਜਾਬ ਦੇ ਲੋਕਾਂ ਦਾ ਵੀ ਨਹੀਂ ਰਿਹਾ ਉਹਨਾਂ ਦੇ ਵੱਲ ਧਿਆਨ
ਪੰਚਾਇਤੀ ਚੋਣਾਂ 'ਚ ਫਾਇਦਾ ਘੱਟ ਜ਼ਿਆਦਾ ਹੈ ਨੁਕਸਾਨ
ਧੜੇ ਬੰਦੀ ਦੇ ਕਾਰਨ ਲੋਕ ਹੁੰਦੇ ਲਹੂ ਲੋਹਾਣ
ਅਦਿੱਤਿਆ ਨਾਥ ਯੋਗੀ ਕਹਿੰਦਾ ਦਲਿਤ ਸੀ ਹਨੂੰਮਾਨ
ਕੀ ਲੋੜ ਸੀ ਉਸ ਨੂੰ ਦੇਣ ਦੀ ਬੇਤੁੱਕਾ ਬਿਆਨ
ਧਰਮਾਂ ਜਾਤਾਂ-ਪਾਤਾਂ ਵਿਚ ਹਨ ਅੱਜ ਵੀ ਲੋਕ ਗੁਲਤਾਨ
ਅਯੁਧਿਆ ਵਾਲਾ ਮਸਲਾ ਅਜੇ ਹੋਰ ਕਰੂ ਨੁਕਸਾਨ
ਜੁਡੀਸ਼ਰੀ ਨੇ ਕਰ ਦਿੱਤਾ ਦੰਗਾ ਪੀੜਤਾਂ ਉੱਤੇ ਅਹਿਸਾਨ
ਸੱਜਣ ਕੁਮਾਰ ਦੀ ਹੁਣ ਲਗਦਾ ਜੇਲ੍ਹ 'ਚ ਨਿਕਲੂ ਜਾਨ
ਚਸ਼ਮਦੀਦ ਗਵਾਹਾਂ ਦਾ ਰਿਹਾ ਹੌਂਸਲਾ ਵਾਂਗ ਚਟਾਨ
ਵਕੀਲ ਐੱਚ.ਐੱਸ ਫੂਲਕਾ ਵੀ ਰਿਹਾ ਡਟਿਆ ਵਿੱਚ ਮੈਦਾਨ
ਉਹਨਾਂ ਲਈ ਵੀ ਜਾਰੀ ਹੋਣੇ ਚਾਹੀਦੇ ਹਨ ਫ਼ਰਮਾਨ
ਚੌਰਾਸੀ ਦੇ ਵਿੱਚ ਜਿਹੜਾ-ਜਿਹੜਾ ਬਣ ਗਿਆ ਸੀ ਹੈਵਾਨ
ਇੰਡੋਨੇਸ਼ੀਆ ਦੇ ਵਿਚ ਆਇਆ ਖ਼ਤਰਨਾਕ ਤੂਫ਼ਾਨ
ਦਸੰਬਰ ਜਾਂਦਾ-ਜਾਂਦਾ ਲੈ ਗਿਆ ਕਈ ਲੋਕਾਂ ਦੀ ਜਾਨ
ਵਜ਼ੀਰੇ ਆਜ਼ਮ ਬਣ ਕੇ ਉਸ ਦਾ ਡੋਲ ਗਿਆ ਈਮਾਨ
ਨਵਾਜ਼ ਸ਼ਰੀਫ਼ ਨੂੰ ਸਜ਼ਾ ਹੋ ਗਈ ਏਸ ਸਾਲ ਦੌਰਾਨ
ਇਸ ਹਕੀਕਤ ਨੂੰ ਵੀ ਕਿਉਂ ਸਮਝਦਾ ਨਹੀਂ ਇਨਸਾਨ
ਬੰਦਾ ਹੁੰਦਾ ਧਰਤੀ ਉੱਤੇ ਕੁੱਝ ਦਿਨ ਦਾ ਮਹਿਮਾਨ
ਜਿਹੜੀ ਪਾਰਟੀ ਆਉਂਦੀ ਕਰਦੀ ਹੱਦੋਂ ਵੱਧ ਨੁਕਸਾਨ

ਉਲਝਣ ਵਿਚ ਹੈ ਵੋਟਰ ਦੱਬੇ ਕਿਸ ਦਾ ਚੋਣ ਨਿਸ਼ਾਨ
ਕਿੱਥੋਂ ਲੱਭ ਕੇ ਲਿਆਈਏ ਐਸਾ ਰਹਿਬਰ ਜਾਂ ਵਿਦਵਾਨ
ਏਸ ਮੁਲਕ ਦੇ ਲੋਕਾਂ ਨੂੰ ਜੋ ਦਿਸ਼ਾ ਕਰੇ ਪ੍ਰਦਾਨ
ਤੁਹਾਡੇ ਲਈ ਇਹ ਧਰਤੀ ਸਾਰੀ ਤੁਹਾਡੇ ਲਈ ਅਸਮਾਨ
ਸੌੜੀਆਂ ਸੋਚਾਂ ਛੱਡ ਕੇ ਭਰੋ ਉੱਚੀ ਤੁਸੀਂ ਉਡਾਨ
ਵੀਹ ਸੌ ਉੱਨੀ ਦੇ ਵਿਚ ਹੋਵੇ ਹਰ ਥਾਂ ਅਮਨ-ਅਮਾਨ
'ਟੇਰਕਿਆਨਾ' ਹਰ ਚਿਹਰੇ ਤੇ ਨਜ਼ਰ ਆਵੇ ਮੁਸਕਾਨ

**ਰਘਵੀਰ ਸਿੰਘ ਟੇਰਕਿਆਨਾ ਵਕੀਲ**
**ਹੁਸ਼ਿਆਰਪੁਰ, ਮੋਬਾ:** 98141-73402

* * * * *

## ਗਜ਼ਲ

ਆਪੇ ਹੀ ਮਸਜਿਦ ਬਣਾਈ
ਆਪੇ ਬਣਾਇਆ ਮੰਦਰ।
ਬਣਾਏ ਚਰਚ, ਗੁਰਦੁਆਰੇ,
ਭੁਲਾਏ ਸੱਭਨਾ ਮਨ ਮੰਦਰ।

ਫਿਰ ਤੂੰ ਵੰਡੇ ਕੰਮ ਸਭਨਾਂ ਨੂੰ
ਨਾਲੇ ਵੰਡੀਆਂ ਜਾਤਾਂ,
ਨਫਰਤ ਦੀ ਫਿਰ ਕਾਲਖ ਭੱਰਤੀ
ਆਪੇ ਸਭਨਾਂ ਅੰਦਰ

ਚੌਰਾਸੀ ਲੱਖ ਦੇਵੀ ਦੇਵਤੇ
ਭੰਬਲ ਭੂਸੇ ਪਾਏ,
ਢੂੰਡਣ ਲਈ ਨਾਂ ਚਾਰਾ ਕੀਤਾ
ਜੋ ਵੱਸਿਆ ਤੇਰੇ ਅੰਦਰ।

ਪਿਆਰ ਮੁਹੱਬਤ ਦੇ ਬੂਟੇ ਸੀ ਜਿਸ ਮਿੱਟੀ 'ਚੋਂ ਉੱਗਣੇ,
ਕਰ ਦਿੱਤੀ ਤੂੰ ਉਸ ਮਿੱਟੀ ਨੂੰ
ਟੂਣੇਹਾਰੀ ਬੰਜਰ।

ਤੂੰ ਮੇਰੇ ਤੇ ਲਾਵੇਂ ਤੁਹਮਤ
ਮੈਂ ਤੇਰੇ ਤੇ ਉਝਾਂ,
ਲਾਲ ਤਾਂ ਹੋਣਾ ਤੇਰੀ ਮੇਰੀ
ਰੱਤ ਨਾਲ ਇਹ ਖੰਜਰ।

ਨੂਰਪੁਰੀ ਆ ਛੱਡ ਭੁਲੇਖੇ
ਇਕ ਦੂਜੇ ਗੱਲ ਲਗੀਏ,
ਦੁੱਖ ਸੁੱਖ ਰਲ ਕੇ ਸਾਂਝੇ ਕਰੀਏ
ਆ ਜਾ ਬਹਿ ਕੇ ਅੰਦਰ।

**ਐਮ.ਐਸ. ਨੂਰਪੁਰੀ**
8146652123

## ਸ਼ਬਦਾਂ ਦੇ ਸੰਜੋਗ

* ਅੱਜ ਕੱਲ੍ਹ ਬਹੁਤੇ ਕਥਾਵਾਚਕ ਬੀਤੇ ਦੇ ਇਤਿਹਾਸ ਨੂੰ ਕਹਾਣੀਆਂ ਬਣਾ ਕੇ ਆਪਣੇ-ਆਪਣੇ ਢੰਗ ਨਾਲ ਸਟੇਜਾਂ 'ਤੇ ਬੋਲਣ ਲੱਗ ਪਏ ਹਨ।
* ਮਰ ਗਿਆਂ ਦੇ ਨਮਿਤ ਰੱਖੇ ਅਖੰਡ ਪਾਠ ਪਤਾ ਨਹੀਂ ਉਨ੍ਹਾਂ ਨੂੰ ਲੱਗਦੇ ਹਨ ਕਿ ਨਹੀਂ ਲੱਗਦੇ ਪਰ ਜੇ ਤੁਸੀਂ ਉਸ ਅਖੰਡ ਪਾਠ ਨੂੰ ਧਿਆਨ ਨਾਲ ਸੁਣ ਲਓ ਤਾਂ ਤੁਹਾਡੀ ਕਾਇਆ ਕਲਪ ਜ਼ਰੂਰ ਹੋ ਸਕਦੀ ਹੈ।
* ਬਹੁਤੇ ਡੇਰੇਦਾਰ ਬੜੀ ਚਲਾਕੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਲ ਕਰਦੇ ਹਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਬਿਪਰੀਤ ਜ਼ਿੰਦਗੀ ਗੁਜ਼ਾਰਦੇ ਹਨ।
* ਪਦਾਰਥ ਨੂੰ ਮੰਨਣ ਵਾਲੇ ਲੋਕ ਪਦਾਰਥ ਵਿੱਚੋਂ ਰੱਬ ਲੱਭਦੇ ਹਨ ਅਤੇ ਲੱਭਦੇ-ਲੱਭਦੇ ਮਰ ਖਪ ਜਾਂਦੇ ਹਨ।
* ਧਰਮ ਇੱਟਾਂ ਪੱਥਰਾਂ ਅਤੇ ਸੰਗਮਰਮਰ ਨਾਲ ਬਣਾਏ ਮੰਦਰਾਂ, ਗਿਰਜਿਆਂ ਤੇ ਗੁਰਦੁਆਰਿਆਂ ਵਿੱਚੋਂ ਨਹੀਂ, ਇਹ ਦਇਆ, ਪਿਆਰ, ਈਮਾਨਦਾਰ ਤੇ ਸ਼ਾਂਤੀ ਵਿੱਚੋਂ ਉਠੀ ਸਦਭਾਵਨਾ ਵਿੱਚੋਂ ਪ੍ਰਾਪਤ ਹੁੰਦਾ ਹੈ।
* ਆਸਥਾ ਬਰਬਾਦੀ ਦਾ ਛੁਪਿਆ ਹੋਇਆ ਨਾਮ ਹੈ ਕਿਉਂਕਿ ਆਸਥਾ ਕਿਸੇ ਹੋਰ ਵੱਲੋਂ ਦਰਸਾਇਆ ਗਿਆ।ਉਹ ਕੱਚਾ ਮਾਰਗ ਹੁੰਦਾ ਹੈ, ਜਿਸ ਬਾਰੇ ਉਸ ਨੂੰ ਖੁਦ ਨੂੰ ਵੀ ਪਤਾ ਨਹੀਂ ਹੁੰਦਾ।
* ਜਿਹੜਾ ਪਹਾੜਾਂ ਵਿੱਚੋਂ ਰੱਬ ਲੱਭਣ ਲਈ ਪੱਥਰਾਂ ਨਾਲ ਟੱਕਰਾਂ ਮਾਰਦਾ ਹੈ ਕਿਤੇ ਇਹ ਉਹੋ ਹੀ ਤੇ ਨਹੀਂ ਜਿਸ ਨੂੰ ਉਹ ਲੱਭਦਾ ਫਿਰਦਾ ਹੈ।
* ਸ਼ੱਕ ਤੋਂ ਗੱਲ ਦੀ ਸ਼ੁਰੂਆਤ ਕਰੋਗੇ ਤਾਂ ਅਸਲੀਅਤ ਨੂੰ ਜਾਣ ਜਾਵੋਗੇ। ਅੰਨ੍ਹਾ ਵਿਸ਼ਵਾਸ ਕਰੋਗੇ ਤਾਂ ਅਸਲੀਅਤ ਦਾ ਕਦੇ ਪਤਾ ਨਹੀਂ ਪਾਵੋਗੇ।
* ਸਖਤ ਅਤੇ ਕਠੋਰ ਆਦਮੀ ਹਮੇਸ਼ਾਂ ਤਰਕ ਨਾਲ ਜਿਉਂਦਾ ਹੈ ਜਦੋਂ ਕਿ ਕੋਮਲ ਤੇ ਹੁਨਰਵੰਦ ਲੋਕ ਅਹਿਸਾਸ ਨਾਲ ਜਿਉਂਦੇ ਹਨ ਪਰ ਤਰਕ ਅਤੇ ਅਹਿਸਾਸ ਦੀ ਲੜਾਈ ਵਿੱਚ ਹਮੇਸ਼ਾਂ ਅਹਿਸਾਸ ਜਿੱਤ ਜਾਂਦਾ ਹੈ।

**ਹਰਬਖ਼ਸ਼ ਸਿੰਘ ਟਾਹਲੀ**

# ਆਓ ਜਾਣੀਏ !

- ਸੰਪਾਦਕ

1. ਨਾਦਰ ਸ਼ਾਹ ਕਿੱਥੋਂ ਦਾ ਸ਼ਾਸਕ ਸੀ? (RPSC 1997)

ੳ. ਕਾਬੁਲ ਅ. ਇਰਾਨ

ੲ. ਈਰਾਕ ਸ. ਯੂਨਾਨ (ਅ)

2. ਅਹਿਮਦ ਸ਼ਾਹ ਅਬਦਾਲੀ ਦਾ ਉੱਤਰਾਧਿਕਾਰੀ ਕੌਣ ਸੀ? (PPSC 2009)

ੳ. ਨਾਦਰ ਸ਼ਾਹ ਅ. ਤੈਮੂਰ ਸ਼ਾਹ

ੲ. ਸ਼ਾਹ ਅਹਿਮਦ ਸ. ਅਮੀਰ ਖ਼ੁਸਰੋ (ਅ)

3. ਛੋਟਾ ਘੱਲੂਘਾਰਾ ਦੀ ਘਟਨਾ ਕਿਹੜੇ ਸਥਾਨ ’ਤੇ ਹੋਈ?

ੳ. ਨੰਦੇੜ ਅ. ਕਾਹਨੂੰਵਾਨ

ੲ. ਦੀਨ ਕਾਂਗੜ ਸ. ਕੂਪ ਪਿੰਡ (ਅ)

4. “ਵੱਡਾ ਘੱਲੂਘਾਰਾ” ਦੀ ਘਟਨਾ ਅਹਿਮਦ ਸ਼ਾਹ ਅਬਦਾਲੀ ਦੇ ਕਿਹੜੇ ਹਮਲੇ ਦੌਰਾਨ ਹੋਈ?

ੳ. ਦੂਜਾ ਹਮਲਾ ਅ. ਅੱਠਵਾਂ ਹਮਲਾ

ੲ. ਛੇਵਾਂ ਹਮਲਾ ਸ. ਪੰਜਵਾਂ ਹਮਲਾ (ੲ)

# ਆਲੂ

1. ਜਦ ਵੀ ਨਵਾਂ ਆਲੂ ਉਬਾਲੋ ਤਾਂ ਉਸ ਵਿੱਚ ਥੋੜ੍ਹਾ ਜਿਹਾ ਲੂਣ ਪਾ ਦਿਓ। ਆਲੂ ਖਿਲਰਦਾ ਨਹੀਂ।
2. ਜਦ ਪੁਰਾਣਾ ਆਲੂ ਉਬਾਲਦੇ ਹਾਂ ਤਾਂ ਉਸ ਵਿੱਚ ਥੋੜ੍ਹੀ ਖੰਡ ਤੇ ਨਿੰਬੂ ਦਾ ਰਸ ਪਾ ਦਿਓ, ਆਲੂ ਚਿੱਟੇ ਤੇ ਚਿਪ ਚਿਪ ਨਹੀਂ ਕਰਦੇ।
3. ਪੁਰਾਣੇ ਆਲੂ ’ਤੇ ਝੁਰੜੀਆਂ ਪੈ ਜਾਣ ਤਾਂ ਉਸ ਵਿੱਚ ਲੂਣ ਪਾ ਕੇ ਉਬਾਲੋ ਉਸ ਵਿੱਚ ਤਾਜ਼ਾਪਨ ਆ ਜਾਂਦਾ।
4. ਆਲੂਆਂ ਵਿੱਚ ਅਰਾਰੋਟ ਮਿਲਾ ਕੇ ਆਲੂ ਦੀਆਂ ਟਿੱਕੀਆਂ ਬਣਾਉ ਸਾਬਤੀ ਬਣਨਗੀਆਂ ਤੇ ਤਵੇ ਨਾਲ ਨਹੀਂ ਜੁੜਣਨਗੀਆਂ।
5. ਆਲੂਆਂ ਨੂੰ ਲੰਬੀ ਤਰ੍ਹਾਂ ਕੱਟਣ ਨਾਲ ਸਬਜ਼ੀ ਜ਼ਿਆਦਾ ਸਵਾਦ ਬਣਦੀ ਹੈ।
6. ਆਲੂ ਉਬਾਲਣ ਤੋਂ ਪਹਿਲਾਂ ਆਲੂਆਂ ਨੂੰ ਠੰਡੇ ਪਾਣੀ ਵਿੱਚ ਰੱਖੋ, ਆਲੂ ਜਲਦੀ ਉਬਲ ਜਾਂਦੇ ਹਨ।
7. ਆਲੂਆਂ ਨੂੰ ਉਗਰਣ ਤੋਂ ਬਚਾਉਣ ਲਈ ਉਸ ਵਿੱਚ ਇਕ ਸੇਬ ਰੱਖ ਦਿਓ ਤਾਂ ਆਲੂ ਉਗਰਣਗੇ ਨਹੀਂ।

# ਜੋੜੀਆਂ ਜੱਗ ਥੋੜੀਆਂ

ਡਾ. ਨਿਰਮਲ ਸਿੰਘ

ਸਾਡੇ ਵੱਡੇ ਬਜ਼ੁਰਗ ਅਕਸਰ ਈ ਕਹਿੰਦੇ ਹੁੰਦੇ ਸਨ ਕਿ 'ਵਿਆਹ ਬੂਰ ਦੇ ਲੱਡੂ ਨੇ ਜਿਹੜਾ ਖਾਵੇ ਉਹ ਵੀ ਪਛਤਾਵੇ ਤੇ ਜਿਹੜਾ ਨਾ ਖਾਵੇ ਉਹ ਵੀ ਪਛਤਾਵੇ ਤਰਸੇ'। ਸਮਝ ਨਹੀਂ ਸੀ ਲਗਦੀ ਕਿ ਕਹਾਵਤ ਦੀ ਅਸਲੀਅਤ ਹਕੀਕਤ ਕੀ ਏ। ਸਮਾਂ ਬੀਤਣ ਨਾਲ ਦੋਸਤਾਂ ਮਿੱਤਰਾਂ, ਭੈਣਾਂ-ਭਰਾਵਾਂ ਦੇ ਵਿਆਹਾਂ ਤੋਂ ਬਾਅਦ ਅਖਾਉਤ ਦੇ ਅਨੇਕਾਂ ਰੰਗਾਂ ਬਾਬਤ ਕੁਝ-ਕੁਝ ਸੋਝੀ ਹੋਣ ਲੱਗੀ। ਸਮੇਂ ਨੇ ਰੰਗ ਵਿਖਾਏ, ਜੁਗ ਪਲਟੇ, ਨਵਿਆਂ ਨੇ ਪੁਰਾਣੇ ਪੱਤਿਆਂ ਦੀ ਥਾਂ ਲਈ ਤਾਂ ਸਭ ਕੁਝ ਈ ਉਲਟਾ-ਪੁਲਟਾ ਹੋ ਗਿਆ। ਖਾਣ-ਪੀਣ, ਰਹਿਣ-ਸਹਿਣ, ਪੁਸ਼ਕਾ-ਲਿਬਾਸ, ਰੀਤਾਂ-ਰਿਵਾਜ, ਸੋਚ ਵਿਚਾਰ, ਰਿਸ਼ਤੇ-ਨਾਤੇ ਗੱਲ ਕੀ ਸਮੁੱਚੀ ਜ਼ਿੰਦਗੀ ਦੇ ਅਰਥ ਈ ਹੋਰ ਦੇ ਹੋਰ ਹੋ ਗਏ। ਫੇਰ ਵਿਆਹ ਵੀ ਤੇ ਇਕ ਸੰਬੰਧ ਈ ਏ। ਇਹ ਵਿਚਾਰਾ ਕਿਹੜੇ ਬਾਗ ਦੀ ਮੂਲੀ ਸੀ। ਇਹਦਾ ਰੰਗ-ਰੂਪ, ਚਿਹਰਾ-ਮੋਹਰਾ ਈ ਨਹੀਂ ਮਾਇਨੇ ਈ ਬਦਲ ਗਏ। ਅੱਜ ਅਸੀਂ ਵਿਆਹ ਦੀ ਜਿਹੜੀ ਸ਼ਕਲ ਸੂਰਤ ਵੇਖ ਰਹੇ ਆਂ, ਇਹਦੇ ਬੀਤੇ ਕੱਲ੍ਹ ਤੇ ਆਉਣ ਵਾਲੇ ਭਲਕ ਬਾਬਤ ਸੋਚਦੇ ਵਿਚਾਰਦੇ ਹਾਂ ਤਾਂ ਕੁਝ ਵੀ ਪਿੜ ਪੱਲੇ ਨਹੀਂ ਪੈਂਦਾ। ਵਿਆਹ ਅੱਜ ਵੀ ਬੜੇ ਵੱਡੇ ਧੂਮ ਧੜੱਕਿਆਂ, ਆਡੰਬਰਾਂ ਪਰਪੰਚਾਂ ਨਾਲ ਹੋ ਰਹੇ ਨੇ ਤੇ ਸ਼ਾਇਦ ਨੇੜ ਭਵਿੱਖ ਵਿਚ ਈ ਇਨ੍ਹਾਂ ਦਾ ਰੌਲਾ-ਗੌਲਾ, ਵਿਖਾਵਾ ਮੁਜਾਹਰਾ ਤੇ ਸ਼ੋਰ-ਸ਼ਰਾਬਾ ਆਮ ਬੰਦੇ ਜਾਂ ਹਮਾਤੜਾਂ ਦੇ ਬਰਦਾਸ਼ਤ ਕਰਨ ਤੋਂ ਈ ਬਾਹਰ ਹੋ ਜਾਵੇ। ਏਸ ਬਦਲਾਉ ਦੇ ਚਿੱਟੇ ਤੇ ਕਾਲੇ ਦੋਵੇਂ ਪਾਸੇ ਨੇ। ਇਨ੍ਹਾਂ ਨੂੰ ਸਮਝਣ, ਖੋਜਣ ਤੇ ਇਤਿਹਾਸ ਤੋਂ ਸਬਕ ਸਿੱਖਣ ਲਈ ਅਸਾਂ ਸੱਥ ਵਾਲੇ ਬੇਲੀਆਂ ਨੇ ਕਲਮਕਾਰਾਂ ਨੂੰ ਸਾਨੂੰ ਤੇ ਸਮਾਜ ਨੂੰ ਰਾਹ ਵਿਖਾਉਣ, ਸੇਧ ਦੇਣ ਲਈ ਬੇਨਤੀ ਕੀਤੀ ਸੀ। ਉਨ੍ਹਾਂ ਆਪੋ ਆਪਣੇ ਦ੍ਰਿਸ਼ਟੀਕੋਣਾਂ ਰਾਹੀਂ ਸਮਾਜ ਦੇ ਏਸ ਪੁਖਤਾਂ ਨੀਂਹ ਤੇ ਉਸਾਰੇ ਮਹੱਲ ਦੇ ਭੋਰਿਆਂ ਤੋਂ ਲੈ ਕੇ ਬੈਠਕਾਂ ਦਲਾਨਾਂ 'ਚੋਂ ਲੰਘ ਚੁਬਾਰਿਆਂ ਮਮਟੀਆਂ ਤੀਕ ਸਾਨੂੰ ਘੁਮਾਇਆ ਫਿਰਾਇਆ ਏ। ਇਹ ਅਸਾਂ ਸੋਚਣਾ ਏ ਕਿ ਸੁੱਖ-ਸ਼ਾਂਤੀ ਵਾਸਤੇ ਸਹਿਜ ਨਾਲ ਜ਼ਿੰਦਗੀ ਬਸਰ ਕਰਨ ਲਈ ਸਾਨੂੰ ਕਿਹੜੀ ਮੰਜ਼ਲ 'ਤੇ ਕਿਸ ਕਮਰੇ ਦੀ ਜ਼ਰੂਰਤ ਹੈ। ਇਨਸਾਨ ਹਮੇਸ਼ਾਂ-ਹਮੇਸ਼ਾਂ ਤੋਂ ਧਰਮਾਂ ਮਜ਼੍ਹਬਾਂ, ਫਲਸਫਿਆਂ ਵਿਚਾਰਧਰਾਵਾਂ 'ਚੋਂ ਮੁਕਤੀ ਸੁੱਖ ਆਨੰਦ ਦੀ ਭਾਲ ਵਿਚ ਭਟਕਦਾ ਰਿਹਾ ਹੈ। ਪੂਰਬੀ ਫਲਸਫੇ ਮੁਤਾਬਕ ਮੁਕਤੀ ਜਾਂ ਮੋਖਸ਼ ਤੋਂ ਪਹਿਲਾਂ ਧਰਮ, ਅਰਥ, ਕਾਮ ਆਉਂਦੇ ਨੇ। ਮੁਕਤ ਹੋਣ ਲਈ ਪਰਮ ਆਨੰਦ ਵਾਸਤੇ ਧਰਮ ਜਾਂ ਫਰਜ਼ ਜ਼ਿੰਮੇਵਾਰੀਆਂ ਨਿਭਾਉਣ ਲਈ ਕ੍ਰਿਤ ਕਰਨੀ ਸਭ ਤੋਂ ਪਹਿਲਾਂ ਸਾਡੇ ਸਭਨਾਂ ਲਈ ਲਾਜ਼ਮੀ ਹੈ। ਫਰਜ਼ ਨਿਭਾਉਣ ਲਈ ਕੋਈ ਅਰਥਚਾਰਾ, ਮਾਲ ਅਸਬਾਬ, ਲੈਣ-ਦੇਣ ਦਾ ਢਾਂਚਾ ਉਸਾਰਨਾ ਪੈਂਦਾ ਏ ਜਿਸ ਵਾਸਤੇ ਕਾਮ-ਮੋਹ, ਪਿਆਰ, ਸਨੇਹ, ਸਾਥ ਦੀ ਲੋੜ ਹੈ। ਪਿਆਰ ਮੋਹ ਲਈ ਕੁਦਰਤ ਵੱਲੋਂ ਲਿੰਗਕ ਵਖਰੇਵੇਂ ਕਰਕੇ ਸਮੁੱਚੇ ਜੀਵਤ ਜਗਤ ਨੂੰ ਦੋ ਹਿੱਸਿਆਂ 'ਚ ਵੰਡ ਦਿੱਤਾ ਗਿਆ ਏ-ਨਰ ਤੇ ਮਾਦਾ। ਏਸ ਵੰਡ ਕਾਰਨ ਹਰ ਨਰ ਦੀ ਮਾਦਾ ਲਈ ਤੇ ਮਾਦਾ ਦੀ ਨਰ ਲਈ ਖਿੱਚ-ਤੜਪ ਤੇ ਮੇਲ ਮਿਲਾਪ ਲਈ ਤਾਂਘ ਤੀਬਰ ਇੱਛਾ ਹੀ ਜੀਵਨ ਦੀ ਬੁਨਿਆਦ ਹੈ। ਜੇਕਰ ਇਹ ਇੱਛਾ, ਚਾਹ, ਤਮੰਨਾ ਨਾ ਹੁੰਦੀ ਤਾਂ ਇਸ ਸੰਸਾਰ ਦੀ ਸਿਰਜਣਾ ਸੰਭਵ ਈ ਨਹੀਂ ਸੀ। ਇਹ ਬੜਾ ਪਾਕ-ਪਵਿੱਤਰ ਜਜ਼ਬਾ ਏ। ਏਸੇ ਕਾਰਨ ਕਾਮ ਨੂੰ ਦੇਵਤੇ ਦਾ ਦਰਜਾ-ਰੁਤਬਾ ਪ੍ਰਾਪਤ ਹੈ। ਬਨਾਸਪਤੀ ਤੇ ਪਸ਼ੂ ਜਗਤ ਵਿਚ ਏਸ ਭਾਵਨਾ ਦਾ ਸਮਤੋਲ ਕੁਦਰਤ ਕਾਇਮ ਰੱਖਦੀ ਹੈ ਤਾਂ ਜੋ ਉਨ੍ਹਾਂ ਦੀਆਂ ਨਸਲਾਂ ਵੰਨਗੀਆਂ ਸੁਰੱਖਿਅਤ ਰਹਿੰਦੀਆਂ ਅੱਗੇ ਵਧਦੀਆਂ ਰਹਿਣ।

ਮਨੁੱਖ ਜਦੋਂ ਆਪਣੇ ਨਕੜਦਾਦਿਆਂ ਦੇ ਦੌਰ ਵਿਚ ਜੰਗਲਾਂ ਵਿਚ ਰਹਿੰਦਾ ਸੀ ਤਾਂ ਉਹ ਵੀ ਆਪਣੇ ਜੰਗਲੀ ਭਰਾਵਾਂ ਵਾਂਗ ਵਿਚਰਦਿਆਂ ਕਾਮ ਪੂਰਤੀ ਲਈ ਵਿਆਹ ਨਹੀਂ ਸੀ ਕਰਦਾ। ਰਿਸ਼ਤੇ ਸੰਬੰਧ ਅਜੇ ਵਿਕਸਤ ਨਹੀਂ ਸਨ ਹੋਏ। ਉਹ ਲਾਲਸਾਵਾਂ, ਖਾਹਸ਼ਾਂ ਤੇ ਮੌਜ ਮੇਲੇ ਦੀ ਜਕੜ ਵਿਚ ਨਹੀਂ ਸੀ ਆਇਆ। ਕੋਈ ਕਿਸੇ ਨਾਲ ਵੀ ਕੁਦਰਤੀ ਲੋੜ ਤੇ ਆਪਣੀ ਵੰਸ਼ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਕਾਰਨ ਸੰਬੰਧ ਬਣਾ ਸਕਦਾ ਸੀ। ਸਾਰਾ ਕੁਝ ਸਹਿਜ ਤੋਰੇ ਤੁਰਦਾ ਸਦੀਆਂ ਦਹਿ ਸਦੀਆਂ ਦਾ ਪੈਂਡਾਂ ਤਹਿ ਕਰਦਾ, ਵਿਕਾਸ ਦੀਆਂ ਮੰਜ਼ਲਾਂ ਪਾਰ ਕਰਦਾ ਰਿਹਾ। ਅੰਤ ਅਜਿਹੇ ਦੌਰ 'ਚ ਪੁੱਜ ਗਿਆ ਜਦੋਂ ਸਾਡੇ ਵਡੇਰੇ ਜਾਂਗਲੀ ਦੀ ਥਾਂ ਸਮਾਜੀ ਜਾਂ ਪਾਲਤੂ ਬਣ, ਟਿਕ ਕੇ ਪਿੰਡ ਗਰਾਂ ਉਸਾਰ ਬਸਤੀਆਂ ਬਣਾ ਰਹਿਣ ਲੱਗੇ। ਏਸੇ ਦੌਰ ਵਿਚ ਹੋਏ ਕੁਦਰਤੀ ਵਿਕਾਸ ਕਾਰਨ ਸੰਦਾਂ ਦੀ, ਨੰਗੇਜ ਢਕਣ ਲਈ ਕੱਪੜਿਆਂ ਦੀ, ਸਿਰ ਉੱਤੇ ਛੱਤ ਵਾਸਤੇ ਕੋਠਿਆਂ ਮਕਾਨਾਂ ਦੀ ਲੋੜ ਪਈ। ਲਿੰਗਕ ਸੰਬੰਧਾਂ ਵਿਚ ਇਨਕਲਾਬੀ ਮੋੜਾਂ ਵੀ ਉਦੋਂ ਹੀ ਆਇਆ। ਔਰਤ ਤੇ ਮਰਦ ਆਪਣੇ ਲਿੰਗਕ ਵਖਰੇਵਿਆਂ ਕਾਰਨ ਔਲਾਦ ਪੂਰਤੀ ਲਈ ਵੱਖੋ-ਵੱਖ ਕਿਸਮ ਦੀ ਜਿਸਮਾਨੀ ਬਣਤਰ, ਸੋਚ ਤੇ ਜੈਵਿਕ ਸੋਝੀ ਰੱਖਦੇ ਨੇ। ਮਰਦ ਦਾ ਹਿੱਸਾ ਵੰਸ਼ ਵਧਾਉਣ ਲਈ ਮਹੱਤਵਪੂਰਨ ਹੋਣ ਦੇ ਬਾਵਜੂਦ ਵੀ ਬਹੁਤ ਸੀਮਿਤ ਹੈ। ਸੰਭੋਗ ਕਿਰਿਆ ਵਿਚ ਮਰਦ ਦੇ ਵੀਰਜ ਦੇ ਸ਼ੁਕਰਾਣੂ ਜਿਹੜੇ ਕਰੋੜਾਂ ਦੀ ਗਿਣਤੀ ਵਿਚ ਹੁੰਦੇ ਨੇ ਔਰਤ ਨੇ ਸਿਰਫ ਇਕ ਅੰਡਕੋਸ਼ ਨਾਲ ਮੇਲ ਲਈ ਮਾਰੂ ਮੁਕਾਬਲਾ ਕਰਦੇ ਨੇ। ਜਿੱਥੇ ਜਿੱਤ ਸਿਰਫ ਇਕ ਦੀ ਹੁੰਦੀ ਹੈ ਬਾਕੀ ਸਾਰੇ ਆਪਣੀ ਮੌਤ ਆਪ ਈ ਮਰ ਜਾਂਦੇ ਨੇ। ਏਥੋਂ ਅਸੀਂ ਮਾਂ ਦੀ ਔਰਤ ਜਾਤ ਦੀ ਮਹਾਨਤਾ, ਉਹਦੀ ਪੂਜਾ ਅਰਚਣਾ ਅਤੇ ਰੁਤਬੇ ਦਾ ਅੰਦਾਜ਼ਾ ਲਾ ਸਕਦੇ ਹਾਂ। ਮਰਦ ਤਾਂ ਔਰਤ ਨੂੰ ਗਰਭਵਤੀ ਕਰਨ ਤੋਂ ਬਾਅਦ ਹੀ ਪੱਲਾ ਝਾੜ ਫਾਰਗ ਹੋ ਜਾਂਦਾ ਸੀ। ਓਸ ਸਤਿਕਾਰਯੋਗ ਹਸਤੀ ਨੂੰ ਮਮਤਾ ਦੀ ਦਾਤ ਮਿਲੀ ਹੋਣ ਕਾਰਨ ਉਹਨੂੰ ਮਨੁੱਖ ਦੇ ਬੱਚੇ ਨੂੰ ਪਹਿਲੋਂ 9 ਮਹੀਨੇ ਦੇ ਲੰਬੇ ਅਰਸੇ ਲਈ ਤਾਂ ਕੁੱਖ ਵਿਚ ਹੀਰੇ ਮੋਤੀ ਵਾਂਗ ਸੰਭਾਲਣਾ ਪੈਂਦਾ, ਆਪਣੇ ਖ਼ੂਨ ਨਾਲ ਸਿੰਜਣਾ ਪੈਂਦਾ। ਫੇਰ ਜੰਮਣ ਪੀੜਾਂ ਦੇ ਕਸ਼ਟ ਸਹਿ ਕੇ, ਆਪਣਾ ਸੀਰ ਚੁੰਘਾ ਕੇ ਪਾਲਣਾ ਪੈਂਦਾ। ਜਦੋਂ ਉਹ ਉਡਾਰੂ ਹੋ ਜਾਂਦਾ ਤਾਂ ਉਹਦੀ ਮਰਜ਼ੀ ਤੇ ਮੁਨਸਰ ਸੀ ਕਿ ਉਹ ਮਾਂ ਦੀ ਕਿੰਨੀ ਕੁ ਕਦਰ ਕਰਦਾ ਏ। ਜਦੋਂ ਵਿਆਹ ਦੀ ਰੀਤ ਪਰੰਪਰਾ ਨਹੀਂ ਸੀ ਵਿਕਸੀ ਉਦੋਂ ਮਰਦ ਅਕਸਰ ਹੀ ਔਰਤ ਨੂੰ ਗਰਭਵਤੀ ਕਰਨ ਤੋਂ ਬਾਅਦ ਪੱਤਰਾ ਵਾਚ ਜਾਂਦਾ ਸੀ, ਜ਼ਿੰਮੇਵਾਰੀ ਕੋਈ ਨਹੀਂ ਸੀ ਨਿਭਾਉਂਦਾ। ਧਰਮ ਅਰਥ ਤੋਂ ਬਿਨਾਂ ਹੀ ਕਾਮ ਪੂਰਤੀ ਕਰਦਾ ਸੀ। ਉਹ ਭਟਕਦਾ ਵੀ ਰਹਿੰਦਾ ਸੀ ਤੇ ਸੰਭੋਗ ਸੰਬੰਧਾਂ ਵਿਚ ਆਪਸ 'ਚ ਲੜਦਾ-ਝਗੜਦਾ ਵੀ। ਉਹ ਕੱਲੀਕਾਰੀ ਔਰਤ ਨਾਲ ਅਕਸਰ ਹੀ ਜ਼ਿਆਦਤੀਆਂ ਕਰਦਾ ਰਹਿੰਦਾ। ਮਨੁੱਖੀ ਵਿਕਾਸ ਦੇ ਇਕ ਮੱਤ ਦਾ ਸਿਧਾਂਤ ਕਹਿੰਦਾ ਏ ਕਿ ਮਨੁੱਖ ਦਾ ਉਦਗਮ ਅਫਰੀਕਾ ਵਿਚ, ਕਾਲੇ ਹਬਸ਼ੀਆਂ ਦੀ ਧਰਤੀ, 'ਤੇ ਅੱਜ ਤੋਂ ਪੱਚੀ ਤੀਹ ਲੱਖ ਸਾਲ ਪਹਿਲੋਂ ਹੋਇਆ ਸੀ। ਓਸ ਮੌਕੇ ਹਥਿਆਰ ਤਾਂ ਅਜੇ ਵਿਕਸਤ ਨਹੀਂ ਸਨ ਹੋਏ, ਧਾਤਾਂ ਨਹੀਂ ਸਨ ਨਿਕਲੀਆਂ। ਰੁੱਖਾਂ ਦੀਆਂ

ਟਹਿਣੀਆਂ ਦੀਆਂ ਕੁਝ ਮੋਟੀਆਂ, ਕੁਝ ਛਮਕਦਾਰ ਤੇ ਕੁਝ ਦੁਸਾਂਗੀਆਂ ਤਿਸਾਂਗੀਆਂ ਤਿੱਖੀਆਂ ਸੋਟੀਆਂ ਹੀ ਪੱਥਰ-ਢੀਮਾਂ ਸਮੇਤ ਮਾਰੂ ਹਥਿਆਰ ਸਨ। ਕਾਲੀ ਦੇਵੀ ਜਾਂ ਮਾਂ ਕਾਲੀ ਦੀ ਮੂਰਤੀ ਦੇ ਹੱਥਾਂ ਵਿਚ ਤਿਸਾਂਗੀ ਸੋਟੀ ਦਾ ਰੂਪ ਤ੍ਰਿਸੂਲ ਤੇ ਪੈਰਾਂ ਹੇਠ ਲਤੜੀਂਦਾ ਓਸ ਮਾਂ ਨੂੰ ਸਤਾਉਣ ਵਾਲਾ ਰਾਖਸ਼ ਮਰਦ ਅਸੀਂ ਅੱਜ ਵੀ ਵੇਖ ਸਕਦੇ ਹਾਂ। ਏਸ ਮਾਂ ਪੂਜਾ 'ਚੋਂ ਹੀ ਵਿਆਹ ਸੰਬੰਧ ਵਿਕਸਿਤ ਹੋਇਆ। ਦੇਵੀ ਮਾਤਾ ਨੂੰ ਆਦਿ ਕੁਮਾਰੀ ਵੀ ਕਿਹਾ ਜਾਂਦਾ ਹੈ।

ਸਿਆਣੇ ਓਸ ਜੰਗਲੀ ਸਮਾਜ ਵਿਚ ਮਰਦ ਨੂੰ ਜ਼ਿੰਮੇਵਾਰੀ ਬਰਾਬਰੀ ਨਾਲ ਨਿਭਾਉਣ ਲਈ ਜੁੜ ਬੈਠੇ। ਉਨ੍ਹਾਂ ਔਰਤ-ਮਰਦ ਦੇ ਜੋੜਿਆਂ ਨੂੰ ਸਮਾਜਕ ਤੇ ਧਾਰਮਕ ਪ੍ਰਵਾਨਗੀ ਪ੍ਰਦਾਨ ਕਰਕੇ ਮਰਦ ਦੀਆਂ ਜ਼ਿੰਮੇਵਾਰੀਆਂ ਉਹਨੂੰ ਸਮਝਾਈਆਂ ਤੇ ਔਰਤ ਦੇ ਫਰਜ਼ ਉਹਨੂੰ। ਔਲਾਦ ਪੈਦਾ ਕਰਨ ਨੂੰ ਪਵਿੱਤਰ ਕਾਰਜ ਆਖ ਵਡਿਆਇਆ ਗਿਆ। ਬੱਚਾ ਪੈਦਾ ਕਰਨ ਨੂੰ ਆਪਣੇ ਪਿਤਰਾਂ ਦਾ ਰਿਣ ਲਾਹੁਣਾ ਆਖ ਸਲਾਹਿਆ ਗਿਆ। ਔਲਾਦ ਪੂਰਤੀ ਲਈ ਦੋਹਾਂ ਨੂੰ ਸੰਭੋਗ ਦੀ ਖੁੱਲ੍ਹ ਬਖ਼ਸ਼ ਕੇ ਗ੍ਰਹਿਸਤ ਜੀਵਨ ਦਾ ਵਿਆਹ ਰਾਹੀਂ ਮੁੱਢ ਬੰਨ੍ਹ ਕੇ ਏਸ ਨੂੰ ਸਾਰੇ ਧਰਮਾਂ ਤੋਂ ਉੱਚਾ ਧਰਮ ਆਖਿਆ ਗਿਆ। ਇਹਦੇ ਨਾਲ ਸਮਾਜਕ ਵਿਕਾਸ ਵਿਚ ਸਿਫਤੀ ਤਬਦੀਲੀ ਆਈ ਤੇ ਸਾਡੇ ਅੱਜ ਦੇ ਘਰ, ਪਰਵਾਰ, ਪਿੰਡ-ਸ਼ਹਿਰ, ਵਿਦਿਆ, ਅਰਥਚਾਰੇ ਗੱਲ ਕੀ ਹਰ ਪਾਸਾਰ ਦੀ ਬੁਨਿਆ ਰੱਖੀ ਗਈ। ਵਿਆਹ ਹਕੀਕਤ ਵਿਚ ਕਾਇਦੇ ਕਾਨੂੰਨ ਦੀ, ਜ਼ਬਤ ਅਨੁਸ਼ਾਸ਼ਨ ਦੀ, ਸਰਕਾਰ ਜਾਂ ਅਦਾਲਤ ਦੀ ਨੀਂਹ ਹੈ। ਜਦੋਂ ਵਿਆਹ ਕਰਵਾ ਕੇ ਲਾੜਾ ਤੇ ਲਾੜੀ ਨੇ ਨਵਾਂ ਘਰ ਸਥਾਪਤ ਕੀਤਾ ਤਾਂ ਉਹਨੂੰ ਨੂੰ ਸਿਆਣਿਆਂ ਨੇ ਵਿਆਹ ਬੰਧਨ ਵਿਚ ਬੰਨ੍ਹੇ ਏਸੇ ਕਾਰਨ ਆਖਿਆ ਕਿ ਉਹ ਪਸ਼ੂਆਂ ਵਾਲੀ ਜੀਵਨ ਸ਼ੈਲੀ ਤੋਂ ਵਿਕਸਤ ਹੋ ਕੇ ਮਨੁੱਖ ਵੱਲੋਂ ਖੁਦ ਸਿਰਜੀਆਂ ਕੁਝ ਪਾਬੰਦੀਆਂ ਤੇ ਕੁੱਝ ਖੁੱਲ੍ਹਾਂ ਵਾਲੀ ਜ਼ਿੰਦਗੀ ਜੀਣ ਵੱਲ ਕਦਮ ਪੁੱਟਣ ਲੱਗੇ ਸਨ। ਉਨ੍ਹਾਂ ਨੇ ਆਪਣੇ ਕੰਮਾਂ ਦੀ ਵੰਡ ਕੁਦਰਤ ਵੱਲੋਂ ਬਖ਼ਸ਼ੇ ਜਿਸਮਾਂ ਦੀਆਂ ਲੋੜਾਂ ਮੁਤਾਬਕ ਕੀਤੀ। ਔਰਤ ਨੂੰ ਘਰ ਅੰਦਰ ਜ਼ਿਆਦਾ ਸਮਾਂ ਰਹਿਣ ਦੀ ਲੋੜ ਗਰਭ, ਪ੍ਰਸੂਤ, ਬੱਚਿਆਂ ਨੂੰ ਸੰਭਾਲਣ ਪਾਲਣ ਤੇ ਸਿਖਾਉਣ ਸਮਝਦਾਰ ਬਨਾਉਣ ਕਰਕੇ ਸੀ ਨਾ ਕਿ ਕਿਸੇ ਹੀਣ ਭਾਵਨਾ ਜਾਂ ਛੋਟੇਪਣ ਕਾਰਨ। ਹੁਣ ਜਿਹੜਾ ਬੰਦਾ ਘਰ ਰਵ੍ਹੇਗਾ ਉਹਨੂੰ ਬਾਕੀ ਜੀਆਂ ਦੀ ਖਾਧ ਖੁਰਾਕ, ਕੱਪੜੇ ਲੱਤੇ ਤੇ ਢਿੱਲੇ ਮੱਠੇ ਹੋਣ ਤੇ ਤਾਮੀਰਦਾਰੀ ਦੇਖ-ਭਾਲ ਦੀ ਜ਼ਿੰਮੇਵਾਰੀ ਕੁਦਰਤੀ ਤੌਰ 'ਤੇ ਹੀ ਨਿਭਾਉਣੀ ਪਵੇਗੀ। ਵਿਆਹ ਤੋਂ ਬਾਅਦ ਉਹ ਬਾਹਰਲੇ ਕੰਮਾਂ ਤੋਂ ਏਸੇ ਕਾਰਨ ਮੁਕਤ ਹੋ ਗਈ ਕਿ ਮਰਦ ਦੇ ਰੂਪ ਵਿਚ ਉਹਨੂੰ ਅੰਨ ਦਾਣਾ ਉਗਾਉਣ, ਬਾਲਣ ਲਿਆਉਣ, ਕੰਧਾਂ ਕੋਠੇ ਉਸਾਰਨ, ਜੰਗਲੀ ਜਾਨਵਰਾਂ ਤੋਂ ਹਿਫ਼ਾਜਤ ਕਰਨ ਤੇ ਰਾਖਸ਼ਾਂ ਜਾਂ ਪਸ਼ੂ ਬਿਰਤੀ ਵਾਲੇ ਮਨੁੱਖਾਂ ਤੋਂ ਬਚਾਉਣ ਵਾਲਾ ਸਾਥੀ ਮਿਲ ਗਿਆ। ਵਿਆਹ ਤੋਂ ਬਾਅਦ ਔਰਤ ਮਰਦ ਦੇ ਕੰਮਾਂ ਦੀ ਵੰਡ ਸਮਝਦਾਰੀ ਨਾਲ ਈ ਨਜਿੱਠੀ ਗਈ। ਹੁਣ ਜੇ ਤਾਂ ਉਹ ਦੋਵੇਂ ਜੀਅ ਇਕ-ਦੂਜੇ ਨੂੰ ਸਮਝ ਕੇ ਕੁਦਰਤੀ ਸੂਝ-ਬੂਝ ਤੇ ਸਿਆਣਪ ਨੂੰ ਵਰਤ ਕੇ ਤੁਰਦੇ ਰਹਿੰਦੇ ਫੇਰ ਕੋਈ ਅੜਿੱਕੇ ਨਹੀਂ ਸਨ ਪੈਣੇ। ਪਰ ਸਮਾਜਕ ਵਿਕਾਸ ਤੇ ਮਨੁੱਖੀ ਇਤਿਹਾਸ ਦੇ ਵਿੰਗ ਵਲੇਵਿਆਂ ਤੇ ਟੇਢੇ-ਮੇਢੇ ਰਾਹਾਂ ਨੇ ਇੰਞ ਹੋਣ ਨਹੀਂ ਦਿੱਤਾ। ਇਹਦੇ ਕਾਰਨ ਲੱਭਣ ਲਈ ਸਾਨੂੰ ਕਿਤਾਬੀ ਗਿਆਨ ਤੋਂ ਅੱਗੇ ਨਿਰਪੱਖ ਹੋ ਕੇ ਸੋਚਣਾ ਸਮਝਣਾ ਪਵੇਗਾ।

ਮੁੱਢਲੇ ਦੌਰਾਂ ਵਿਚ ਤਾਂ ਸਮਾਜ ਦੀ ਸ਼ਕਲ ਹੀ ਮਾਂ ਪ੍ਰਧਾਨ ਸੀ, ਪਿਉ ਦੀ ਹੈਸੀਅਤ ਸਿਰਫ ਮੱਦਦਗਾਰ ਸਹਾਇਕ ਵਾਲੀ ਸੀ। ਇਹਦੇ ਝਲਕਾਰੇ ਸਾਨੂੰ ਦੇਵੀ ਮਾਂ ਜਾਂ 'ਮਦਰ ਗੌਡੇਸ' ਦੀ ਦੁਨੀਆਂ ਭਰ ਵਿਚ ਹੁੰਦੀ ਪੂਜਾ ਦੀ ਰਵਾਇਤ ਤੋਂ ਮਿਲਦੇ ਹਨ। ਕਿਧਰ ਉਹ ਮਾਂ ਕੁਲ ਦੇਵੀ ਹੈ ਕਿਧਰੇ ਆਦਿ ਕਵਾਰੀ। ਕਈ ਫਲਸਫਿਆਂ ਵਿਚ ਉਹ ਔਲਾਦ ਪ੍ਰਾਪਤੀ ਲਈ ਆਪਣੀ ਮਰਜ਼ੀ ਅਨੁਸਾਰ ਬਗੈਰ ਵਿਆਹ ਤੋਂ ਹੀ ਕਿਸੇ ਮਨਚਾਹੇ ਪੁਰਸ਼/ਦੇਵਤੇ ਨਾਲ ਸੰਬੰਧ ਬਣਾ ਸਕਦੀ ਹੈ। ਇਹ ਸੰਬੰਧ ਹਵਸ ਲਾਲਸਾ ਜਾਂ ਐਸ਼ਪ੍ਰਸਤੀ ਵਾਲੇ ਨਹੀਂ, ਸਮਾਜਕ ਸੰਸਾਰਕ ਲੋੜ ਵਾਲੇ ਹਨ। ਉਹ ਔਲਾਦ ਲੈਣ ਤੋਂ ਬਾਅਦ ਓਸ ਸਖ਼ਸ਼ ਨਾਲ ਆਪਣੇ ਤੁਅਲਕਾਤ ਅਕਸਰ ਹੀ ਖ਼ਤਮ ਕਰ ਦੇਂਦੀ ਹੈ। ਇਹਦਾ ਹੀ ਵਿਕਸਤ ਰੂਪ ਬਹੁਤ ਸਾਰੇ ਮਰਦਾਂ ਦੀ ਜਿਸਮਾਨੀ ਤੇ ਦਿਮਾਗੀ ਕਸਰਤ ਦੇ ਮੁਕਾਬਲੇ ਕਰਵਾਉਣੇ ਜਾਂ ਸਵੰਬਰ 'ਚੋਂ ਆਪਣਾ ਮਨਭਾਉਂਦਾ ਮਰਦ ਜਾਂ ਪਤੀ ਚੁਣਨਾ ਹੈ। ਏਸ ਦੌਰ ਵਿਚ ਅਜੇ ਮੁਨਾਫੇਖੋਰ, ਵਪਾਰੀ ਤਬਕਾ ਪੈਦਾ ਨਹੀਂ ਸੀ ਹੋਇਆ ਤੇ ਸਭ ਕੁਝ ਸਹਿਜ ਚਾਲੇ ਚਲਦਾ ਲੰਬੇ ਸਮੇਂ ਤੀਕ ਸਮਾਜਕ ਵਰਤਾਰਾ ਬਣਿਆ ਰਿਹਾ। ਜਿਣਸਾਂ, ਸੰਦਾਂ, ਕਾਰੀਗਰੀ, ਹੁਨਰ ਤੇ ਵਿਦਿਆ ਦਾ ਵਟਾਂਦਰਾ, ਬਟਵਾਰਾ ਹੋਣ ਕਾਰਨ ਸਮਾਜ ਵਿਚ ਊਚ-ਨੀਚ, ਅਮੀਰ-ਗਰੀਬ, ਜਾਤ-ਕੁਜਾਤ ਦਾ ਕੋਈ ਵੱਡਾ ਵੰਡਾ ਵਿਤਕਰਾ ਨਹੀਂ ਸੀ।

ਬਦਲਾਉ ਅਦਲਾ-ਬਦਲੀ ਕੁਦਰਤ ਦਾ ਕਾਨੂੰਨ ਹੈ। ਸਮਾਂ ਬਦਲਿਆ ਵਸਤਾਂ ਦੀਆਂ ਕੀਮਤਾਂ ਮਿੱਥ ਲਈਆਂ ਗਈਆਂ ਤੇ ਸਾਧਨਾਂ ਸੋਮਿਆਂ ਉੱਤੇ ਮਲਕੀਅਤ ਇਜ਼ਾਰੇਦਾਰੀ ਜਤਾਉਣ ਦਾ ਰਿਵਾਜ ਪ੍ਰਚਲਤ ਹੋ ਗਿਆ। ਇਨ੍ਹਾਂ ਵਾਸਤੇ ਬਾਹੂ ਬਲ, ਫੌਜ, ਪੁਲਸ ਤੇ ਲੱਠਬਾਜਾਂ ਦੀ, ਡਾਂਗ-ਬਹਾਦਰਾਂ ਦੀ ਲੋੜ ਹੋਣੀ ਈ ਹੋਣੀ ਸੀ। ਆਪਣੀਆਂ ਇਕੱਠੀਆਂ ਕੀਤੀਆਂ ਵਸਤਾਂ ਨੂੰ ਬਚਾਉਣ ਲਈ ਕਾਇਦੇ ਵਿਖਾਉਣ ਲਈ ਲੋਕਾਈ ਨਾਲੋਂ ਅੱਡ ਉੱਚਾ ਸਾਬਤ ਕਰਨ ਲਈ ਪ੍ਰੋਹਿਤਾਂ, ਪੁਜਾਰੀਆਂ ਦੀ ਲੋੜ ਪਈ। ਇਕ ਪਾਸੇ ਦੁਨਿਆਵੀ ਤਾਕਤ ਨੂੰ ਬਰਕਰਾਰ ਰੱਖਣ ਲਈ ਫੌਜ, ਪੁਲਸ, ਅਦਾਲਤਾਂ ਤੇ ਦੂਜੇ ਪਾਸੇ ਰੱਬੀ ਮੋਹਰ ਲਈ ਧਾਰਮਕ ਤੇ ਮਜ਼ਬੀ ਮੰਨਜੂਰੀ ਲਈ ਅੰਧ-ਵਿਸ਼ਵਾਸ਼ੀ ਧਾਰਮਕ ਮਨਾਉਤਾਂ। ਰਾਜੇ ਆਪਣੇ ਆਪ ਨੂੰ ਸਿੱਧੇ ਰੱਬ ਕੋਲੋਂ ਲੋਕਾਂ 'ਤੇ ਹੁਕਮ ਚਲਾਉਣ ਜਾਂ ਰਾਜ ਕਰਨ ਲਈ ਭੇਜੇ ਸਿੱਧ ਕਰਨ ਵਾਸਤੇ ਪ੍ਰੋਹਿਤਾਂ ਪੁਜਾਰੀਆਂ ਕੋਲੋਂ ਮਜ਼ਬ ਧਰਮ ਦੇ ਮਨਮਰਜ਼ੀ ਦੇ ਅਰਥ ਕਢਵਾਉਂਦੇ ਰਹੇ। ਵਿਆਹ ਦੀ ਸੰਸਥਾ ਲਈ ਇਹ ਵੇਲਾ ਘਾਤਕ ਸਾਬਤ ਹੋਇਆ। ਜਦੋਂ ਔਰਤ ਦਾ ਰੁਤਬਾ ਬੁਲੰਦੀਆਂ ਤੋਂ ਡਿੱਗ ਕੇ ਖੂਹਾਂ ਖਾਤਿਆਂ ਵਿਚ ਚਲਾ ਗਿਆ। ਉਹ ਵਿਚਾਰੀ ਭੋਗ ਵਿਲਾਸ ਲਈ, ਮਨੁੱਖ ਦੇ ਮਨਪਰਚਾਵੇ ਵਾਸਤੇ ਇਕ ਵਸਤੂ ਬਣ ਕੇ ਰਹਿ ਗਈ। ਉਹਦੇ ਅਨਮੋਲ ਗੁਣ ਈ ਉਹਦੇ ਔਗੁਣ ਗਿਣੇ ਗਏ। ਸਮਾਜਕ ਦਰਜਾਬੰਦੀ ਵਿਚ ਉਹ ਅਛੂਤ ਘ੍ਰਿਣਤ ਤੇ ਨਿੰਦਣਯੋਗ ਸਮਝੀ ਜਾਣ ਲੱਗੀ।

ਇਕ ਪਾਸੇ ਉਹ ਬਾਘਣ, ਪੈਰ ਦੀ ਜੁੱਤੀ, ਗੁੱਤ ਪਿੱਛੇ ਮੱਤ ਵਾਲੀ ਅਖਵਾਈ ਤੇ ਦੂਜੇ ਬੰਨ੍ਹੇ ਉਹਦਾ ਮਾਸ ਨੋਚਣ, ਉਹਨੂੰ ਭੋਗਣ ਲਈ ਹਵਸ ਦਾ ਸ਼ਿਕਾਰ ਮਰਦ ਵਿਆਹ-ਸਵੰਬਰ ਦੀ ਜਗ੍ਹਾ ਉਹਨੂੰ ਕੱਢ ਲਿਆਉਣ, ਖੋਹਣ ਤੇ ਚੁੱਕਣ, ਮਹਿਲਾਂ-ਘਰਾਂ ਵਿਚ ਡੱਕਣ ਤੇ ਪਰਦਿਆਂ ਦੀ ਕੈਦ ਵਿਚ ਰੱਖਣ ਵਾਲਾ ਸੱਚੀ ਮੁੱਚੀ ਦਾ ਰਾਖਸ਼ ਦੈਂਤ ਸਾਬਤ ਹੋਇਆ। ਇਹ ਸਿਲਸਿਲਾ ਫਿਰ ਸਦੀਆਂ ਤੀਕਰ ਚਲਦਾ ਰਿਹਾ। ਔਰਤ ਨੂੰ ਤਾਂ ਧਰਮਾਂ ਮਜ਼ਬਾ ਵਾਲੇ ਪਤੀਬ੍ਰਤਾ ਦਾ ਪਾਠ ਰਟਾਉਂਦੇ ਰਹੇ ਪਰ ਕਿਸੇ ਮਰਦ ਨੂੰ ਕਦੀ ਵੀ ਇਸਤਰੀਬ੍ਰਤਾ ਹੋਣ ਬਾਰੇ ਕਿਸੇ ਨੇ ਨਹੀਂ ਕਿਹਾ। ਵਿਆਹ ਖ਼ੁਸ਼ੀ, ਚਾਅ,

ਮਲ੍ਹਾਰ ਤੇ ਕੁਦਰਤੀ ਦਾਤ ਜਾਂ ਰਹਿਮਤ ਦੀ ਥਾਂ ਬੰਧੇਜ, ਬੰਧਨ, ਸਿਰ ਨਰੜ ਸਾਬਤ ਹੋਇਆ। ਅਜਿਹੀ ਹਾਲਤ 'ਚੋ ਬਗਾਵਤ ਤਾਂ ਹੋਣੀ ਈ ਹੋਣੀ ਸੀ। ਅਖਾਉਤੀ ਆਧੁਨਿਕਤਾ, ਨਵੀਂ ਸੋਝੀ ਜਾਣਕਾਰੀ ਦੇ ਯੁੱਗ ਵਿਚ ਆ ਕੇ ਔਰਤ ਵੀ ਆਪਣੇ ਜਿਸਮ ਉਹਦੀਆਂ ਲੋੜਾਂ-ਥੋੜਾਂ, ਮਾਨਸਿਕ ਸੰਤੁਸ਼ਟੀ ਤੇ ਆਤਮਕ ਅਨੰਦ ਲਈ ਹੱਥ ਪੱਲਾ ਮਾਰਨ ਲੱਗੀ। ਉਹਨੂੰ ਮਨੁੱਖ ਨੇ ਫੇਰ ਉਹਦੇ ਹੀ ਬੁਣੇ ਜਾਲ ਵਿਚ ਫਸਾ ਕੇ ਬਰਾਬਰੀ ਦਾ ਭੁਲੇਖਾ ਪਾ ਅਜਿਹਾ ਦਾਅ ਮਾਰਿਆ ਕਿ ਉਹਦੇ ਭੱਜਣ ਲਈ ਕੋਈ ਰਾਹ ਹੀ ਨਾ ਰਿਹਾ। ਉਹ ਆਜ਼ਾਦੀ, ਖੁਦਮੁਖਤਾਰੀ, ਤੇ ਕੰਮਾਂ ਧੰਦਿਆਂ ਵਿਚ ਸ਼ਰੀਕ ਬਣਨ ਦੀ ਦੌੜ ਵਿਚ ਸਰਪਟ ਦੌੜਦੀ ਹੋਈ ਹਫ-ਹੰਫ ਕੇ ਖੰਭ ਤੁੜਾਉਣ ਲੱਗੀ। ਸਾਡੀਆਂ ਧੀਆਂ, ਭੈਣਾਂ ਔਰਤ ਨੂੰ ਮਿਲੀ ਅਖਾਉਤੀ ਆਜ਼ਾਦੀ ਦੀ ਗੁਲਾਮੀ ਹੰਢਾ ਰਹੀਆਂ ਹਨ।

ਏਸ ਸੋਚ ਦਾ ਸਭ ਤੋਂ ਵੱਧ ਅਸਰ ਵਿਆਹ ਦੀ ਸੰਸਥਾ ਤੇ ਹੋਇਆ। ਵਿਆਹ ਇਕ ਸੌਦਾ, ਸੰਧੀ ਤੇ ਅਹਿਦਨਾਮਾ ਜਿਹਾ ਬਣ ਕੇ ਰਹਿ ਗਿਆ। ਇਹਦੇ ਵਿਚੋਂ ਆਨੰਦ, ਸਬਰ ਸੰਤੋਖ ਤੇ ਸਹਿਜ ਉੱਡ-ਪੁੱਡ ਗਿਆ। ਔਰਤ ਨੂੰ ਇਹ ਭਰਮ ਹੋ ਗਿਆ ਕਿ ਉਹ ਬੰਦੇ ਵਾਂਗ ਹੀ ਨਸ਼ੇ ਕਰ ਕੇ, ਉਹੋ ਜਿਹੇ ਕੱਪੜੇ ਪਾ ਕੇ, ਉਹੋ ਹੀ ਭਾਰੇ ਤੇ ਹਲਕੇ ਕੰਮ ਕਰਕੇ ਤੇ ਬੰਦਿਆਂ ਦੀ ਹਵਸ ਦੀ ਨਕਲ ਕਰਦਿਆਂ ਬਹੁਤੇ ਮਰਦ ਹੰਢਾ ਕੇ, ਘਰ ਤੋਂ ਬਾਹਰ ਨਿਕਲ ਅਹੁਦੇਦਾਰੀਆਂ ਅਫਸਰੀਆਂ ਤੇ ਕਮਾਊ ਧੰਦੇ ਅਪਨਾ ਕੇ ਸ਼ਾਇਦ ਮਰਦ ਨੂੰ ਮਾਤ ਦੇ ਦੇਵੇਗੀ। ਉਹ ਕੁਦਰਤ ਵੱਲੋਂ ਬਖ਼ਸ਼ੀ ਸੁੰਦਰਤਾ, ਸੁਹੱਪਣ, ਕੋਮਲਤਾ ਨੂੰ ਵੀ ਮਰਦ ਦੀ ਚੁੰਗਲ ਵਿਚ ਫਸ ਕੇ ਵਪਾਰਕ ਬਣਾ, ਸਭਿਆਚਾਰ ਦੀ ਆੜ ਹੇਠ, ਆਜ਼ਾਦੀ ਦੇ ਭੁਲੇਖੇ ਵਿਚ ਸੁੰਦਰਤਾ, ਮੁਕਾਬਲਿਆਂ, ਐਕਟਿੰਗ ਗਾਇਕੀ ਤੇ ਨਾਚਾਂ ਦੀ ਦਲਦਲ ਵਿਚ ਫਸ ਗਈ। ਬੱਚੇ ਪੈਦਾ ਕਰਨ, ਉਨ੍ਹਾਂ ਨੂੰ ਆਪਣਾ ਸੀਰ ਚੁੰਘਾਉਣ, ਮਮਤਾ ਦੀ ਮੂਰਤ ਬਣਨ ਨੂੰ ਹੇਚ ਸਮਝ ਨਫ਼ਰਤ ਕਰਨ ਲੱਗੀ। ਇਹ ਵੇਲਾ ਉਹਦੇ ਲਈ ਏਨਾ ਖ਼ਤਰਨਾਕ ਸਾਬਤ ਹੋ ਰਿਹਾ ਹੈ ਕਿ ਉਹ ਇਹਦੇ ਭਾਰ ਥੱਲੇ ਦੱਬੀ ਸਿਸਕ ਰਹੀ ਹੈ। ਕੰਮ ਦੀ ਵੰਡ ਕੁਦਰਤੀ ਨਾ ਰਹਿ ਕੇ ਮਨਮਰਜ਼ੀ ਵਾਲੀ ਬਣ ਗਈ ਹੈ। ਉਹ ਨੌਕਰੀ ਕਰ ਕੇ ਪੈਰਾਂ ਤੇ ਖੜਨ ਦੀ ਥਾਂ ਪੈਰਾਂ ਤੋਂ ਉਖੜ ਗਈ ਏ। ਪੈਸਾ ਤਾਂ ਉਹਦੇ ਕੋਲ ਆ ਗਿਆ ਪਰ ਖਰਚਣ ਲਈ ਸਮਾਂ ਮੁੱਕ ਗਿਆ। ਦਫ਼ਤਰੋਂ ਸਕੂਲੋਂ ਘਰ ਆਉਂਦਿਆਂ, ਬੱਚਿਆਂ ਦੀ ਕੁਦਰਤੀ ਦੇਖ-ਭਾਲ, ਜਣੇਪਾ, ਪ੍ਰਸੂਤ, ਗਰਭ ਸਮਾਂ, ਮਾਹਵਾਰੀ ਦੇ ਦਿਨ ਉਹਦੇ ਲਈ ਜਹਿਮਤ ਬਣ ਗਏ। ਏਤੇ ਮਰਦ ਉਹਦੀ ਮੱਦਦ ਕਰਨ ਦੀ ਬਜਾਏ ਉਹਦੀ ਰੱਤ ਨਿਚੋੜਨ, ਕਚੂਮਰ ਕੱਢਣ ਨੂੰ ਤਰਜੀਹ ਦੇਂਦਾ ਹੈ। ਅੱਜ ਵੀ ਔਰਤ ਨੂੰ ਸਵੇਰੇ ਪਹਿਲੋਂ ਉੱਠਣਾ ਪੈਂਦਾ ਹੈ ਫੇਰ ਆਪਣੀ ਪਤੀ, ਬੱਚਿਆਂ ਦੇ ਖਾਣ-ਪੀਣ ਦਾ ਆਹਰ ਕਰਨ, ਉਨ੍ਹਾਂ ਦੇ ਕੱਪੜੇ ਲੀੜੇ ਤਿਆਰ ਕਰਨ, ਘਰ ਦੀ ਸਫ਼ਾਈ ਕਰਨ ਲਈ ਅਨੇਕਾਂ ਬਾਹਵਾਂ ਵਾਲੀ ਦੇਵੀ ਦਾ ਰੂਪ ਧਾਰਨ ਕਰਨਾ ਪੈਂਦਾ ਹੈ। ਸਾਰਿਆਂ ਨੂੰ ਸਕੂਲਾਂ, ਦਫ਼ਤਰਾਂ, ਕੰਮ ਧੰਦਿਆਂ ਲਈ ਤੋਰਨ ਤੋਂ ਪਿੱਛੋਂ ਮਾੜੀ ਮੋਟੀ ਨਹਾ ਧੋ ਕੇ, ਥੋੜ੍ਹਾ ਬਹੁਤ ਖਾ ਪੀ, ਕਾਹਲੀ-ਕਾਹਲੀ ਘਰ ਸਾਂਭ, ਜਿੰਦਰੇ ਲਾ ਆਪਣੀ ਬਰਾਬਰੀ ਦਾ ਤਗਮਾ ਲੈਣ ਕੰਮ ਤੇ ਜਾਣਾ ਪੈਂਦਾ ਹੈ। ਉੱਥੇ ਵੀ ਤੇ ਰਾਹ ਵਿਚ ਵੀ ਮਰਦ ਦੀਆਂ ਤਿੱਖੀਆਂ ਤੰਨਜ਼ਾਂ, ਭੁੱਖੀਆਂ ਨਜ਼ਰਾਂ ਤੇ ਸਦੀਆਂ ਤੋਂ ਚਲੀ ਆ ਰਹੀ ਹਉਮੈ ਹੈਂਕੜ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜੇ ਬੱਚਾ ਪੇਟ ਵਿਚ ਹੈ ਤਾਂ ਵੀ ਜੇ ਦੁੱਧ ਚੁੰਘਦਾ ਹੈ ਤਾਂ ਵੀ ਮਮਤਾ ਉਹਦਾ ਖਹਿੜਾ ਨਹੀਂ ਛੱਡਦੀ ਤੇ ਉਹ ਕੰਮ ਵਿਚ ਧਿਆਨ ਨਹੀਂ ਲਾ ਸਕਦੀ। ਉਹ ਝਿੜਕਾਂ ਖਾਂਦੀ ਔਖੀ-ਸੌਖੀ ਡੰਗ ਟਪਾਉਂਦੀ ਜਦੋਂ ਤਨਖ਼ਾਹ ਲਿਆਉਂਦੀ ਹੈ ਤਾਂ ਨਿੱਖਟੂ ਤੇ ਨਿਕੰਮੇ ਮਰਦਾਂ ਲਈ ਤੇ ਇਹ ਪੈਸਾ ਵਰਦਾਨ ਸਾਬਤ ਹੁੰਦਾ ਹੈ। ਉਹ ਘਰ ਦੀਆਂ ਲੋੜਾਂ ਤੋਂ ਈ ਕਿਨਾਰਾਕਸ਼ੀ ਕਰ ਰਹੇ ਨੇ। ਏਥੇ ਫੇਰ ਖਟਪਟੀ ਹੁੰਦੀ ਹੈ। ਵਿਆਹ ਵਿਚ ਤ੍ਰੇੜਾਂ ਆਉਂਦੀਆਂ ਨੇ, ਲੜਾਈ-ਝਗੜਾ ਹੁੰਦਾ ਹੈ। ਵਿਹਲਾ ਮਰਦ ਨਸ਼ੇ ਪੱਤੇ ਵੱਲ ਝਾਕਦਾ ਉਹਦੇ ਸਿਰ ਦਾ ਸਾਇਆ ਬਣਨ ਦੀ ਥਾਂ ਗਲ ਵਿਚ ਪਿਆ ਢੋਲ ਸਾਬਤ ਹੁੰਦਾ ਹੈ।

ਵਿਆਹ ਦੀਆਂ ਕੌੜੀਆਂ ਵੇਲਾਂ ਵਾਂਗ ਵਧੀਆਂ ਰਸਮਾਂ ਤੇ ਲੱਕ ਤੋੜਨ ਵਾਲੇ ਰਿਵਾਜਾਂ ਨੇ ਵੀ ਇਸ ਸੰਬੰਧ ਨੂੰ ਅਪਵਿੱਤਰ, ਮਲੀਨ ਪਲੀਤ ਕੀਤਾ ਹੈ। ਇਹਦੇ ਵਿਚ ਸ਼ੁਰੂ ਤੋਂ ਹੀ ਅਜਿਹੀ ਕੁੜੱਤਣ ਭਰ ਜਾਂਦੀ ਹੈ ਕਿ ਸਹੁਰੇ-ਪੇਕਿਆਂ ਨੂੰ ਸਮਤੋਲ ਤਵਾਜ਼ਨ ਵਿਚ ਰੱਖਣਾ ਨਵੇਂ ਵਿਆਹੇ ਕੁੜੀ-ਮੁੰਡੇ ਲਈ ਬਹੁਤੀ ਵਾਰ ਅਸਹਿ ਹੋ ਜਾਂਦਾ ਹੈ। ਵਿਆਹ ਅਕਸਰ ਹੀ ਦਾਜ ਦਹੇਜ, ਲੈਣ-ਦੇਣ, ਮੰਗਾਂ ਤੇ ਆਸਾਂ ਦੀਆਂ ਘੁੰਮਣਘੇਰੀਆਂ ਵਿਚ ਗੁਆਚ ਆਪਣਾ ਆਪ ਹੀ ਖ਼ਤਮ ਕਰ ਲੈਂਦਾ ਹੈ। ਅਜਿਹੇ ਨਰੜ ਉੱਤੋਂ ਵੇਖਣ ਨੂੰ ਵਿਆਹੇ ਵਰੇ ਪਰ ਹਕੀਕਤ ਵਿਚ ਨਰਕ ਭੋਗ ਰਹੇ ਹੁੰਦੇ ਨੇ। ਵਿਆਹ ਦੀਆਂ ਰਸਮਾਂ ਵਿਚ ਸਭ ਤੋਂ ਵਧ ਅਹਿਮੀਅਤ ਹਿੰਦੂਆਂ ਵਿਚ ਫੇਰੇ, ਸਿੱਖਾਂ ਵਿਚ ਆਨੰਦ ਕਾਰਜ, ਮੁਸਲਮਾਨਾਂ ਵਿਚ ਨਿਕਾਹ ਤੇ ਈਸਾਈਆਂ ਵਿਚ ਗਿਰਜੇ ਵਿਚ ਜਾਂ ਮਿੱਥੇ ਸਥਾਨ ਤੇ ਮੁੰਦਰੀਆਂ ਦੇ ਵਟਾਂਦਰੇ ਅਤੇ ਪਾਦਰੀਆਂ ਦੀ ਅਸੀਸ ਦੀ ਹੁੰਦੀ ਹੈ। ਪਰ ਬਦਲਦੇ ਦੌਰ ਦੀ ਤੇਜ ਅੱਖਾਂ ਚੁੰਧਿਆਨਾ ਵਾਲੀ ਹਨੇਰੀ ਨੇ ਇਨ੍ਹਾਂ ਪਵਿੱਤਰ ਸਮਝੀਆਂ ਜਾਂਦੀਆਂ ਰਸਮਾਂ ਨੂੰ ਜੜ੍ਹਾਂ ਤੋਂ ਪੁੱਟ ਡਿਕ ਡੋਲੇ ਖਾਣ ਲਾ ਦਿੱਤਾ ਹੈ। ਇਨ੍ਹਾਂ ਰਸਮਾਂ ਦੀ ਸਿਰਫ ਖਾਨਾਪੂਰਤੀ ਕਰਨ ਲਈ, ਉਲ੍ਹਾਮਾ ਜਿਹਾ ਲਾਹੁਣ ਵਾਸਤੇ, ਖਿਚ ਧੂਹ ਕੇ ਖਾਸ ਰਿਸ਼ਤੇਦਾਰ ਕੱਠੇ ਕਰ ਕੇ, ਪੰਡਤ ਭਾਈ ਸਾਹਿਬ ਜਾਂ ਮੁੱਲਾਂ ਨੂੰ ਕੰਮ ਛੇੜੀ ਨਿਬੇੜਨ ਦੀਆਂ ਹਿਦਾਇਤਾਂ ਦੇ ਕੇ ਆਸਤਕ ਹੋਣ ਦਾ ਭਰਮ ਪਾਲਿਆ ਜਾਂਦਾ ਹੈ। ਦੋ ਜਿਸਮਾਂ ਦੋ ਰੂਹਾਂ ਦੇ ਸੰਜੋਗ ਸੁਮੇਲ ਨੂੰ ਅਧਿਆਤਮਕ ਰੂਹਾਨੀ ਅਸ਼ੀਰਵਾਦ ਤੋਂ ਵਾਂਝਿਆਂ ਕਰ ਮੈਰਿਜ ਪੈਲੇਸ ਦੀਆਂ ਘੁੰਮਣਘੇਰੀਆਂ ਵਿਚ, ਮਾਇਆ ਦੇ ਜਾਲ ਵਿਚ ਫਸਾ ਕੇ ਵਿਆਹੁਤਾ ਜੀਵਨ ਦਾ ਮੁੱਢ ਹੀ ਬੋਦਾ, ਬਣਾਉਟੀ ਤੇ ਜ਼ਰਜ਼ਰਾ ਬਣਾ ਦਿੱਤਾ ਗਿਆ ਹੈ। ਉਥੇ ਭਰੇ ਮੇਲੇ ਵਿਚ ਧੇਤਿਆਂ ਪੁਤੇਤਿਆਂ ਦੀ ਪੀੜ੍ਹੀਆਂ ਦੀ ਬਣਨ ਵਾਲੀ ਸਾਂਝ ਦੀ ਨੀਂਹ ਨੂੰ ਰੌਲੇ-ਗੌਲੇ, ਸ਼ੋਰ-ਸ਼ਰਾਬੇ, ਦਿਖਾਵੇ ਅਤੇ ਲੱਚਰਪੁਣੇ ਨੇ ਬੇਹੱਦ ਕਮਜ਼ੋਰ ਕਰ ਦਿੱਤਾ ਹੈ। ਲੋਕੀ ਓਥੇ ਸਿਰਫ ਖਾਣ-ਪੀਣ, ਨੱਚਣ ਗਾਉਣ, ਖੌਰੂ ਪਾਉਣ ਤੇ ਲਾੜੇ-ਲਾੜੀ ਦੀ ਨੁਮਾਇਸ਼ ਵੇਖਣ ਲਈ ਹੀ ਆਉਂਦੇ ਨੇ। ਰਹਿੰਦੀ ਖੂੰਹਦੀ ਕਸਰ ਲਿੱਪਣ ਪੋਚਣ ਵਾਲੀਆਂ ਬੀਬੀਆਂ ਜਿਨ੍ਹਾਂ ਨੇ ਮਾਮੀਆਂ, ਭੂਆਂ ਤੇ ਨੈਣਾਂ ਦੀ ਥਾਂ ਜਬਰਦਸਤੀ ਮੱਲ ਲਈ ਹੈ ਕੱਢ ਦੇਂਦੀਆਂ ਨੇ। ਜਿੰਨੇ ਪੈਸੇ ਓਨੀ ਹੀ ਸੁਹੱਪਣ ਇਨ੍ਹਾਂ ਦੇ ਦਰਾਂ ਤੋਂ ਮਿਲ ਜਾਂਦੀ ਹੈ। ਕਚੂਮਰ ਕੱਢਣ ਵਾਲਾ ਇਕ ਹੋਰ ਤਬਕਾ ਹੈ ਜਿਨ੍ਹਾਂ ਨੂੰ ਵੀਡੀਓ ਕੈਮਰੇ ਜਾਂ ਮੂਰਤਾਂ ਖਿੱਚਣ ਲਈ ਉਚੇਚਾ ਮਹਿੰਗਾ ਭਾੜਾ ਦੇਣਾ ਵਿਆਹ ਦਾ ਮਹੱਤਵਪੂਰਨ ਹਿੱਸਾ ਸਮਝਿਆ ਜਾਂਦਾ ਹੈ। ਇਨ੍ਹਾਂ ਦਾ ਕੰਮ ਰੰਗ 'ਚ ਭੰਗ ਪਾਉਣ ਤੋਂ ਵਧ ਕੁਝ ਵੀ ਨਹੀਂ ਹੁੰਦਾ। ਇਹ ਲਾੜੇ ਵਹੁਟੀ ਦੀਆਂ ਪਰੇਡਾਂ ਤਾਂ ਕਰਵਾਉਂਦੇ ਹੀ ਕਰਵਾਉਂਦੇ ਨੇ ਰਿਸ਼ਤੇਦਾਰਾਂ ਦੇ ਮੋਹ ਪਿਆਰ ਦੀ ਖਿੱਲੀ ਉਡਾ ਉਨ੍ਹਾਂ ਨੂੰ ਉਂਗਲਾਂ ਤੇ ਨਚਾਉਂਦੇ ਨੇ। ਏਸ ਸਾਰੀ ਕਵਾਇਤ ਵਿਚ ਯਾਦਗਾਰੀ ਕੁਝ ਵੀ ਨਹੀਂ ਹੁੰਦਾ।

ਏਸ ਮੌਕੇ ਸ਼ਗਨਾਂ ਦੀਆਂ ਘੋੜੀਆਂ, ਸੁਹਾਗਾਂ, ਸਿੱਠਣੀਆਂ, ਛੰਦ-ਪਰਾਗਿਆਂ, ਜੰਞਾਂ ਬੰਨ੍ਹਣ ਦੀ ਜਗ੍ਹਾ ਹੁਣ ਡੀ.ਜੇ. ਵਾਲੀਆਂ ਆਰਕੈਸਟਰਾ

ਪਾਰਟੀਆਂ ਦੀਆਂ ਟੁੱਚ ਨਾਚੀਆਂ ਤੇ ਘੌਂਗਲ ਕਾਵਾਂ ਵਰਗੇ ਦੁੱਕੀ ਮੇਲ ਗਾਇਕਾਂ ਨੇ ਲੈ ਕੇ ਮੂਲੋਂ ਹੀ ਅਲਖ ਮੁਕਾ ਛੱਡੀ ਹੈ। ਸ਼ਰਾਬ 'ਚ ਧੁੱਤ ਨਸ਼ਈ ਬਰਾਤੀਆਂ ਤੇ ਧੀ ਵਾਲਿਆਂ ਵੱਲੋਂ ਰਲ ਕੇ ਏਸ ਪੈਂਦੇ ਖਰੂਦ 'ਚ ਜਦੋਂ ਨੀਲੇ ਨੋਟਾਂ ਦਾ ਮੀਂਹ ਵਰ੍ਹਦਾ ਏ ਤਾਂ ਇਕ ਵਾਰ ਤਾਂ ਪੰਜਾਬ ਰਾਜੇ ਇੰਦਰ ਦੀ ਪੂਰੀ ਵਿਚ ਬਦਲਿਆ ਵਿਖਾਈ ਦੇਂਦਾ ਹੈ। ਸ਼ਾਇਦ ਘਰ ਫੂਕ ਤਮਾਸ਼ਾ ਏਸੇ ਨੂੰ ਆਖਿਆ ਗਿਆ ਹੋਵੇ। ਕਿਉਂਕਿ ਏਹੋ ਸੱਜਣ ਅਜਿਹੀਆਂ ਘਿਨਾਉਣੀਆਂ ਤੇ ਫਜ਼ੂਲ ਰਸਮਾਂ ਦੇ ਭਾਰ ਹੇਠ ਦੱਬੇ ਖੁਦਕੁਸ਼ੀਆਂ ਕਰਨ 'ਚ ਵੀ ਮੋਹਰੀ ਕਿਰਦਾਰ ਨਿਭਾਅ ਰਹੇ ਨੇ ਵਿਆਹਾਂ ਵਿਚ ਹੁੰਦੇ ਇਕੱਠ, ਫੂਕੇ ਕਾਲੇ ਸੋਨੇ ਰੂਪੀ ਤੇਲ ਪੈਟਰੋਲ, ਪੈਦਾ ਹੋਏ ਪ੍ਰਦੂਸ਼ਣ, ਜਾਇਆ ਬਰਬਾਦ ਕੀਤੇ ਧਨ ਅੰਨਪਾਣੀ ਤੇ ਏਸ ਭੀੜ ਵੱਲੋਂ ਕੀਤੀਆਂ ਘਿਨਾਉਣੀਆਂ ਹਰਕਤਾਂ ਵੱਲ ਵੇਖ ਕੇ ਲਗਦਾ ਇੰਝ ਹੈ ਕਿ ਇਨਸਾਨ ਕਹਾਉਣ ਵਾਲੇ ਦੋ ਟੰਗੇ ਜੀਵ ਦੀਆਂ ਕਰਤੂਤਾਂ ਇਹਨੂੰ ਛੇਤੀ ਹੀ ਕੁੰਭੀ ਨਰਕ ਵਿਚ ਸੁੱਟ ਦੇਣਗੀਆਂ। ਅਜਿਹਾ ਵਰਤਾਰਾ ਲੰਬੇ ਸਮੇਂ ਤੀਕ ਕਤਈ ਵੀ ਨਹੀਂ ਚੱਲ ਸਕੇਗਾ। ਦਾਜ ਦਹੇਜ ਵਿਚ ਜੋੜੀਆਂ ਘੋੜੀਆਂ ਤੋਂ ਸ਼ੁਰੂ ਹੋ ਕੇ ਕਾਰਾਂ-ਕੋਠੀਆਂ ਤੇ ਜਹਾਜ਼ਾਂ ਤੀਕਰ ਅਪੜਿਆ ਇਹ ਸਿਲਸਿਲਾ ਹਕੀਕਤ ਵਿਚ ਹਉਮੈਂ ਹੰਕਾਰ ਨੂੰ ਪੱਠੇ ਪਾਉਣ ਵਾਲਾ ਤੇ ਹੈ ਈ ਹੈ ਰਿਸ਼ਤਵਖੋਰੀ, ਘਪਲੇਬਾਜ਼ੀ, ਚੋਰ ਬਾਜ਼ਾਰੀ, ਕੁਨਬਾਪਰਬਰੀ ਦੀ ਬੁਨਿਆਦ ਵੀ ਹੈ। ਇਹ ਸਹਿਜ ਵਾਲਾ, ਅਨੰਦਦਾਇਕ ਤੇ ਸੁਹਿਰਦਤਾ ਵਾਲਾ ਸੋਹਜਮਈ ਸਮਾਜ ਕਤਈ ਵੀ ਨਹੀਂ ਸਿਰਜ ਸਕਦਾ। ਇਹ ਸਮਾਜ ਵਿਚ ਭਟਕਣਾ, ਕਾਹਲਾਪਣ, ਅਫਰਾ-ਤਫਰੀ, ਵੈਰ ਵਿਰੋਧ, ਕਰੋਧ, ਨਫ਼ਰਤ, ਹਿੰਸਾ, ਲੜਾਈ-ਝਗੜੇ ਵਧਾਉਣ ਵਾਲਾ ਘਆਤਕ ਰਾਹ ਹੈ। ਜਦੋਂ ਸਮਾਜ ਵਿਚ ਏਡੀ ਵੱਡੀ ਤਬਦੀਲੀ ਆ ਰਹੀ ਹੋਵੇ ਫੇਰ ਵਿਆਹ ਇਸ ਤੋਂ ਨਿਰਲੇਪ ਕਿਵੇਂ ਰਹਿ ਸਕਦਾ ਹੈ। ਸਮਝਦਾਰੀ, ਸੂਝ-ਬੂਝ, ਆਪਣੀ ਕਹਿਣ ਤੇ ਦੂਜੇ ਦੀ ਧੀਰਜ ਨਾਲ ਸੁਣਨ ਦੀ ਜਿਵੇਂ-ਜਿਵੇਂ ਰਿਵਾਇਤ ਮੁੱਕਦੀ ਜਾ ਰਹੀ ਹੈ ਇਵੇਂ ਤਿਵੇਂ ਵਿਆਹ ਟੁੱਟਣ ਦੀ ਰਫ਼ਤਾਰ ਵਧ ਰਹੀ ਹੈ। ਕਿਸੇ ਵੇਲੇ ਲਾਗੀਆਂ, ਵਿਚੋਲਿਆਂ, ਸਾਕ ਸਬੰਧੀਆਂ ਵੱਲੋਂ ਦੋਹਾਂ ਧਿਰਾਂ ਦੀ ਨਿਰਖ ਪਰਖ ਤੋਂ ਬਾਅਦ ਮੰਗਣੀ ਦਾ ਇਕ ਰੁਪਈਆ ਹੀ ਅਜਿਹਾ ਜੋੜ ਸਾਬਤ ਹੁੰਦਾ ਸੀ ਕਿ ਉਹਨੂੰ ਭਿਆਨਕ ਤੂਫ਼ਾਨ ਹਨੇਰੀਆਂ ਵੀ ਨਹੀਂ ਸਨ ਤੋੜ ਸਕਦੇ। ਹੁਣ ਕੁੜੀ-ਮੁੰਡੇ ਦੇ ਦੇਖ ਦਖਈਏ ਤੋਂ ਸ਼ੁਰੂ ਹੋ ਮੰਗਣੀ, ਠਾਕਾ, ਚੁੰਨੀ ਚੜ੍ਹਾਉਣ, ਮਿਲਣੀਆਂ, ਵਿਆਹ ਤੇ ਹਨੀਮੂਨਾਂ ਦੀ ਭੀੜ 'ਚ ਕੱਠੇ ਹੋਏ ਹਜ਼ੂਮ ਵੀ ਤਲਾਕਾਂ ਦੀ ਦਰ ਘਟਾਉਣ 'ਚ ਅਸਮਰਥ ਹਨ। ਇਹ ਵਰਤਾਰਾ ਨਿੱਜ ਵੱਲ, ਆਪਣੇ ਆਪ ਦੇ ਸੁੱਖ ਵੱਲ ਸੇਧ ਹੋਣ ਕਾਰਨ ਸਾਡੀ ਸੋਚ ਨੂੰ ਸਮੂਹ ਨਾਲੋਂ ਸਰਬਤ ਨਾਲੋਂ ਤੋੜ ਰਿਹਾ ਹੈ। ਅਸੀਂ ਲੱਖਾਂ ਕਰੋੜਾਂ ਜੂਨਾਂ ਵਿਚੋਂ ਇਕ ਜੀਵ ਹੋਣ ਕਾਦਰ ਦੀ ਕੁਦਰਤ ਦਾ ਇਕ ਕਿਣਕਾ ਬਣਕੇ ਰਹਿਣ ਦੀ ਥਾਂ ਆਪਣੇ ਆਪ ਨੂੰ ਸਰਬ ਕਲਾ ਸਮਰੱਥ ਸਮਝਣ ਦੀ ਕੁਲੱਛਣੀ ਸੋਚ ਦੇ ਧਾਰਨੀ ਬਣਾ ਲਿਆ ਹੈ।

ਸੋਚ ਵਿਚਾਰ ਦੇ ਪੱਖੋਂ ਅੱਤਵਾਦੀ ਬਣ ਗਏ ਹਾਂ। ਫੇਰ ਅੱਤ ਦਾ, ਤੇ ਰੱਬ ਦਾ ਤੇ ਵੈਰ ਹੁੰਦਾ ਈ ਹੁੰਦਾ ਹੈ। ਹਸ਼ਰ ਸਾਡੇ ਸਾਹਮਣੇ ਹੈ। ਸਾਡੀ ਸਮਾਜਕ ਭਾਈਚਾਰਕ ਇਮਾਰਤ ਅੱਖਾਂ ਸਾਹਮਣੇਂ ਢਹਿ ਢੇਰੀ ਹੋ ਰਹੀ ਹੈ, ਰੱਬ ਸੱਚਾ ਸਾਨੂੰ ਹਕੀਕਤ, ਅਸਲੀਅਤ ਵੇਖਣ ਵਾਲੀ ਨਜ਼ਰ ਤੇ ਹੂੜ੍ਹ ਮੱਤ ਦੀ ਥਾਂ ਸੁਮੱਤ ਬਖ਼ਸ਼ੇ। ਅਸੀਂ ਵਿਆਹ ਦੇ ਸਮਾਜ ਨੂੰ, ਆਰਥਕ, ਜਿਸਮਾਨੀ ਰੂਹਾਨੀ ਅਰਥਾਂ ਨੂੰ ਸਮਝਣਾ ਹੈ ਤੇ ਪਿਤਰਾਂ ਪੂਰਵਜਾਂ ਵਡੇਰਿਆਂ ਦਾ ਸਾਡੇ ਸਿਰ ਚੜ੍ਹਾਇਆ ਰਿਣ ਲਾਹੁਣ ਲਈ ਸੂਝ-ਬੂਝ ਹੋਸ਼-ਹਵਾਸ਼ ਕਾਇਮ ਰੱਖਦਿਆਂ ਅੱਗੇ ਲੱਗਣ ਜਾਂ ਪਿੱਛੇ ਲਾਉਣ ਦੀ ਜਗ੍ਹਾ ਸਾਥ ਨਿਭਾਉਣ, ਦੁੱਖ-ਸੁੱਖ ਵੰਡਣ, ਜ਼ਿੰਮੇਵਾਰੀਆਂ, ਫਰਜ਼ ਨਿਭਾਉਣ ਲਈ ਨਵੇਂ ਸਿਰਿਓਂ ਵਿਚਾਰਨਾ ਸੋਚਣਾ ਹੈ।

**ਸੇਵਾਦਾਰ ਪੰਜਾਬੀ ਸੱਥ ਲਾਂਬੜਾ**


**ਦੇਸ਼-ਵਿਦੇਸ਼ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ**

**ਪ੍ਰਧਾਨ ਸ. ਜਗੀਰ ਸਿੰਘ ਲਾਲੀਆ**

**ਅਤੇ ਮੈਨੇਜਮੈਂਟ ਦੀ ਪੂਰੀ ਟੀਮ ਵੱਲੋਂ**

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲਖ-ਲਖ ਵਧਾਈ !

# ਗਠੀਆ : ਜੋੜਾਂ ਦਾ ਦਰਦ

**ਵੈਦ ਮੇਘ ਨਾਥ**

ਇਹ ਰੋਗ ਬੜੀ ਤੇਜ਼ੀ ਨਾਲ ਸੰਸਾਰ ਭਰ ਵਿਚ ਵਿਆਪਕ ਹੋ ਰਿਹਾ ਹੈ। ਆਯੁਰਵੇਦ ਅਨੁਸਾਰ ਇਹ ਰੋਗ ਗਲਤ ਆਹਾਰ-ਵਿਵਹਾਰ ਕਰਨ ਨਾਲ ਹੁੰਦਾ ਹੈ। ਜਿਵੇਂ ਭੋਜਨ ਬੇ-ਵਕਤ ਖਾਣਾ ਅਤੇ ਖਾਧੇ ਹੋਏ ਭੋਜਨ ਦੇ ਹਜ਼ਮ ਹੋਏ ਬਿਨਾਂ ਹੋਰ ਖਾ ਲੈਣਾ। ਚਿਕਨੇ ਪਦਾਰਥ ਦਾ ਜ਼ਿਆਦਾ ਸੇਵਨ ਕਰਨਾ ਜਾਂ ਵਿਰੁੱਧ ਆਹਾਰ ਕਰਨ ਨਾਲ ਪਾਚਣ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਭੋਜਨ ਦਾ ਕੱਚਾ ਰਸ (ਆਮ ਰਸ) ਵਾਯੂ ਨਾਲ ਮਿਲ ਕੇ ਜੋੜਾਂ ਵਿਚ ਦਰਦ ਤੇ ਸੋਜ਼ਿਸ਼ ਪੈਦਾ ਕਰਦਾ ਹੈ। ਜਿਸਨੂੰ ਆਮ ਵਾਤ ਗਠੀਆ (ਅਰਥਰਾਈਟਸ) ਕਹਿੰਦੇ ਹਨ। ਇਸ ਰੋਗ ਨਾਲ ਜੋੜਾਂ ਵਿਚ ਸੋਜ਼ਿਸ਼, ਦਰਦ ਅਤੇ ਅਕੜਨ ਰਹਿੰਦੀ ਹੈ ਸੂਈ ਚੁਭਣ ਜਿਹਾ ਦਰਦ ਹੁੰਦਾ ਹੈ। ਹੱਥਾਂ ਪੈਰਾਂ ਦੀਆਂ ਉਂਗਲੀਆਂ ਅਤੇ ਗੋਡਿਆਂ ਤੇ ਇਸ ਰੋਗ ਦਾ ਪ੍ਰਭਾਵ ਪਹਿਲਾਂ ਪੈਂਦਾ ਹੈ। ਇਹੀ ਕੱਚਾ ਰਸ ਖ਼ੂਨ ਵਿਚ ਮਿਲ ਕੇ ਖ਼ੂਨ ਨੂੰ ਗੰਧਲਾ ਕਰਦਾ ਹੈ। ਜਿਸਨੂੰ (ਕਲੈਸਟਰੋਲ) ਕਹਿੰਦੇ ਹਨ ਇਹ ਰਸ ਜੋੜਾਂ ਵਿਚ ਰੁਕ ਜਾਂਦਾ ਹੈ ਤੇ ਇਹੀ ਤੇਜ਼ਾਬੀ ਮਾਦਾ ਬਣ ਜਾਂਦਾ ਹੈ। ਜਿਸਨੂੰ (ਯੂਰਿਕ ਐਸਿਡ) ਕਹਿੰਦੇ ਹਨ। ਜੋੜਾਂ ਵਿਚ ਸੋਜ ਅਤੇ ਦਰਦ ਦੇ ਨਾਲ-ਨਾਲ ਬੁਖਾਰ, ਪੂਰੇ ਸਰੀਰ ਵਿਚ ਦਰਦ, ਕੁਝ ਖਾਣ ਦੀ ਇੱਛਾ ਨਾ ਹੋਣਾ, ਪਸੀਨਾ ਜ਼ਿਆਦਾ ਆਉਣਾ, ਪਿਸ਼ਾਬ ਦਾ ਜ਼ਿਆਦਾ ਆਉਣਾ ਅਤੇ ਕਬਜ਼ ਜਿਹੇ ਲੱਛਣ ਵੀ ਇਸ ਰੋਗ ਵਿਚ ਦੇਖਣ ਨੂੰ ਮਿਲਦੇ ਹਨ।



ਇਹ ਰੋਗ ਅੱਧੀ ਉਮਰ ਦੇ ਬਾਅਦ ਬੁਢਾਪੇ ਵਿਚ ਜ਼ਿਆਦਾ ਹੁੰਦਾ ਹੈ। ਪਰ ਗਲਤ ਆਹਾਰ-ਵਿਵਹਾਰ ਕਰਕੇ ਘੱਟ ਉਮਰ ਵਿਚ ਵੀ ਹੋ ਜਾਂਦਾ ਹੈ। ਜੇਕਰ ਮਾਤਾ ਪਿਤਾ ਨੂੰ ਇਹ ਰੋਗ ਹੋਵੇ ਤਾਂ ਸੰਤਾਨ ਨੂੰ ਵੀ ਇਹ ਰੋਗ ਹੁੰਦੇ ਹੋਏ ਦੇਖਿਆ ਗਿਆ ਹੈ।



ਦਹੀਂ, ਤੇਲ, ਮੱਛੀ, ਮਾਸ ਖਾਣ ਨਾਲ ਅਤੇ ਅਸ਼ੁੱਧ ਪਾਣੀ ਪੀਣ ਨਾਲ ਅਤੇ ਕਸਰਤ ਨਾ ਕਰਨ ਨਾਲ ਵੀ ਆਮ ਵਾਤ ਗਠੀਆ ਹੋ ਜਾਂਦਾ ਹੈ।

ਇਸ ਰੋਗ ਦਾ ਠੀਕ ਇਲਾਜ ਨਾ ਕੀਤਾ ਜਾਵੇ ਤਾਂ ਇਹ ਰੋਗ ਜਟਿਲ ਹੋ ਜਾਂਦਾ ਹੈ। ਰੋਗੀ ਦੇ ਜੋੜਾਂ ਵਿਚ ਸੋਜ ਅਤੇ ਅਕੜਣ ਹੋ ਜਾਂਦੀ ਹੈ। ਚੱਲਣ ਫਿਰਨ ਤੋਂ ਮੁਹਤਾਜ ਹੋ ਕੇ ਮੰਜੇ ਤੇ ਪੈ ਜਾਂਦਾ ਹੈ, ਜਿੰਨੀ ਦਰਦ ਰੋਕੂ (ਸਟੀਰਾਈਡ) ਦਵਾਈਆਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ ਉਤਨਾ ਹੀ ਇਹ ਰੋਗ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਸਟੀਰਾਈਡ ਦਵਾਈਆਂ ਨਾਲ ਗੁਰਦੇ (ਕਿਡਨੀ), ਲੀਵਰ, ਅੰਤੜੀਆਂ ਅਤੇ ਅੱਖਾਂ ਤੇ ਮਾੜਾ ਅਸਰ ਪੈਂਦਾ ਹੈ। ਕਈ ਅਖੌਤੀ ਡਾਕਟਰ, ਵੈਦ ਆਯੁਰਵੈਦ ਦੀ ਆੜ ਵਿਚ ਲਾਲਚ ਵਸ ਹੋਏ ਸਟੀਰਾਈਡ ਦਵਾਈਆਂ ਮਿਲਾ ਕੇ ਲੋਕਾਂ ਦੀ ਜ਼ਿੰਦਗੀ ਨਾਲ ਖੇਡਦੇ ਹਨ। ਇਸ ਲਈ ਦਯਾਵਾਨ ਤੇ ਸੰਤੋਖੀ ਯੋਗ ਡਾਕਟਰ, ਵੈਦ, ਹਕੀਮ ਕੋਲੋਂ ਹੀ ਇਲਾਜ ਕਰਵਾਉਣਾ ਚਾਹੀਦਾ ਹੈ। ਆਯੁਰਵੈਦਿਕ ਪ੍ਰਣਾਲੀ ਵਿਚ ਇਸ ਰੋਗ ਦਾ ਇਲਾਜ ਕਾਫੀ ਸੰਭਵ ਹੈ।

**ਇਸ ਰੋਗ ਵਿਚ ਪ੍ਰਹੇਜ਼** - ਬਾਸੀ (ਬਿਹਾ) ਭੋਜਨ, ਚਿਕਨੇ-ਨਿੱਗਰ ਪਦਾਰਥ, ਦਹੀਂ, ਗੁੜ, ਭਿੰਡੀ, ਅਰਬੀ, ਫੁੱਲ ਗੋਭੀ, ਛਿਲਕਾ ਰਹਿਤ ਆਲੂ, ਠੰਡੀ ਅਤੇ ਬਰਸਾਤੀ ਹਵਾ ਇਨ੍ਹਾਂ ਸਭ ਤੋਂ ਬਚਣਾ ਚਾਹੀਦਾ ਹੈ।

ਲਸਣ, ਅਦਰਕ, ਸੁੰਢ, ਸ਼ਹਿਦ, ਮੂੰਗੀ, ਮੇਥੀ ਦਾਣਾ, ਮੇਥੀ ਦੀ ਸਬਜ਼ੀ, ਬਾਥੂ ਦਾ ਸਾਗ, ਸੁਹੰਜਨੇ ਦੀ ਫ਼ਲੀ, ਜੀਰਾ, ਸੇਂਧਾ ਨਮਕ, ਕਾਲੀ ਮਿਰਚ, ਮਿਲੀ ਹੋਈ ਚਾਟੀ ਦੀ ਲੱਸੀ, ਪੁਰਾਣੇ ਚਾਵਲ ਇਨ੍ਹਾਂ ਸਭ ਦਾ ਇਸਤੇਮਾਲ ਆਮ ਵਾਤ ਗਠੀਆ ਦੇ ਰੋਗੀਆਂ ਲਈ ਲਾਭਦਾਇਕ ਹੈ। ਸ਼ਕਤੀ ਅਨੁਸਾਰ ਕਸਰਤ ਅਤੇ ਯੋਗਾ ਅਭਿਆਸ ਕਰਨਾ ਅਤਿਅੰਤ ਲਾਭਕਾਰੀ ਹੈ। ਭੋਜਨ 24 ਘੰਟਿਆਂ ਵਿਚ ਦੋ ਵਾਰ ਪੂਰੀ ਭੁੱਖ ਲੱਗੀ ਤੋਂ ਹੀ ਖਾਣਾ ਚਾਹੀਦਾ ਹੈ ਅਤੇ ਹਫ਼ਤੇ ਵਿਚ ਇਕ ਦਿਨ ਦਾ ਉਪਵਾਸ (ਵਰਤ) ਰੱਖਣ ਨਾਲ ਅਨੇਕਾਂ ਰੋਗਾਂ ਤੋਂ ਬਚਾਓ ਅਤੇ ਸਰੀਰ ਤੰਦਰੁਸਤ ਰਹਿੰਦਾ ਹੈ।

# ਬਾਬਾ ਮੱਖਨ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 26-12-2018 ਤੋਂ 14-01-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ਼੍ਰੀਮਤੀ ਗੁਰਨਾਮ ਕੌਰ<br>ਪਤਨੀ ਸ. ਪੂਰਨ ਸਿੰਘ, ਮਕਾਨ ਨੰ-56-ਬੀ, ਚੰਡੀਗੜ੍ਹ। | 200/- | ਆਈ-162 | 16-12-2018 |
| 2. | ਸ. ਐਨ.ਪੀ. ਸਿੰਘ<br>ਮਕਾਨ ਨੰ-2249, ਸਟਾਰ ਇਨੰਕਲੇਵ, ਸੈਕਟਰ-48-ਸੀ,ਚੰਡੀਗੜ੍ਹ। | 200/- | ਆਈ-163 | 16-12-2018 |
| 3. | ਸ. ਸੇਵਾ ਸਿੰਘ ਟਿੱਬੀ ਵਾਲਾ<br>ਪਿੰਡ-ਬੈਂਸਾ, ਜ਼ਿਲ੍ਹਾ-ਹੁਸ਼ਿਆਰਪੁਰ (ਰਾਹੀਂ ਸ.ਦਲੇਰ ਸਿੰਘ ਜੀ, ਦੁਆਰਾ ਐਨ.ਪੀ. ਸਿੰਘ ਚੰਡੀਗੜ੍ਹ) | 600/- | ਆਈ-164 | 02-01-2019 |
| 4. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | 1000/- | ਆਈ-165 | 05-01-2019 |
| 5. | ਸ. ਲਖਵਿੰਦਰ ਸਿੰਘ<br>ਮਕਾਨ ਨੰ-244/1, ਸੈਕਟਰ-55, ਚੰਡੀਗੜ੍ਹ,<br>(ਨੇ ਆਪਣੀ ਲੜਕੀ ਕੋਮਲਪ੍ਰੀਤ ਕੌਰ ਦੇ ਆਨੰਦਕਾਰਜ ਤੇ ਭੇਟ ਕੀਤੇ) | 1600/- | ਆਈ-166 | 09-01-2019 |
| 6. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਮਕਾਨ. ਨੰ-2218, ਸੈਕਟਰ-38ਸੀ. ਚੰਡੀਗੜ੍ਹ। | 1100/- | ਆਈ-167 | 11-01-2019 |
| 7. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾਂ ਫਾਉਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ। | 500/- | ਆਈ-168 | 12-01-2019 |
| 8. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-169 | 14-01-2019 |
| 9. | ਲੈਕ. ਸ. ਗੁਲਸ਼ਨ ਕੁਮਾਰ ਸਿੰਘ ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਆਈ-170 | 14-01-2019 |
| 10. | ਸ. ਰਵਿੰਦਰ ਸਿੰਘ ਸਕੱਤਰ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਆਈ-171 | 14-01-2019 |
| 11. | ਕੈਪਟਨ ਜਸਵੰਤ ਸਿੰਘ ਸੀਨੀ. ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ, ਮਕਾਨ ਨੰ-2369, ਫੇਜ਼-11, ਮੋਹਾਲੀ। | 500/- | ਆਈ-173 | 14-01-2019 |
| 12. | ਸ਼੍ਰੀ ਕ੍ਰਿਸ਼ਨਾ | 501/- | ਆਈ-173 | 14-01-2019 |

| | | | | |
|---|---|---|---|---|
| 13. | ਸ. ਬਲਵਿੰਦਰ ਸਿੰਘ ਮੁਲਤਾਨੀ | 200/- | ਆਈ-174 | 14-01-2019 |
| | ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ, # 541, ਫੇਸ-3, ਮੋਹਾਲੀ। | | | |
| 14. | ਸ. ਰਾਜਪਾਲ ਸਿੰਘ | 500/- | ਆਈ-175 | 14-01-2019 |
| | ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ, ਮਕਾਨ ਨੰ-43, ਮਨੀ ਮਾਜਰਾ। | | | |
| 15. | ਸ. ਹਰਦਿਆਲ ਸਿੰਘ ਘੋਤੜਾ | 200/- | ਆਈ-176 | 14-01-2019 |
| | ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | | | |
| 16. | ਸ. ਹਰੀ ਸਿੰਘ | 200/- | ਆਈ-177 | 14-01-2019 |
| | ਮਕਾਨ ਨੰ-33, ਫੇਸ-11, ਮੋਹਾਲੀ। | | | |
| 17. | ਸ. ਅਮਰਜੀਤ ਸਿੰਘ | 500/- | ਆਈ-178 | 14-01-2019 |
| | ਪੁੱਤਰ ਸ. ਗਿਆਨ ਸਿੰਘ ਮੁਲਤਾਨੀ, ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | | | |
| 18. | ਸ. ਪ੍ਰਤਾਪ ਸਿੰਘ | 100/- | ਆਈ-179 | 14-01-2019 |
| | ਮਕਾਨ ਨੰ-5701, ਸੈਕਟਰ-38-ਵੈਸਟ, ਚੰਡੀਗੜ੍ਹ। | | | |
| 19. | ਗੁਪਤ ਦਾਨ | 100/- | ਆਈ-180 | 14-01-2019 |
| 20. | ਸ. ਗਿਆਨ ਸਿੰਘ ਮੁਲਤਾਨੀ | 500/- | ਆਈ-181 | 14-01-2019 |
| | ਮਕਾਨ ਨੰ- 42, ਸੈਕਟਰ-16, ਚੰਡੀਗੜ੍ਹ। | | | |
| 21. | ਸ. ਨਿਰਮਲ ਸਿੰਘ ਮੈਨਟੇਨੈਂਸ ਸਕੱਤਰ | 200/- | ਆਈ-182 | 14-01-2019 |
| | ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ, ਮਕਾਨ ਨੰ-2354, ਫੇਜ਼-10, ਮੋਹਾਲੀ। | | | |
| 22. | ਸ. ਮਨਜੀਤ ਸਿੰਘ ਮੁਲਤਾਨੀ | 500/- | ਆਈ-183 | 14-01-2019 |
| | ਸੀਨੀ ਵਾਇਸ ਪ੍ਰਧਾਨ (ਐਨ.ਆਰ.ਆਈ)<br>ਬਾਬਾ ਮੱਖਣ ਸ਼ਾਹ ਲੁਬਾਣਾਫਾਉਂਡੇਸ਼ਨ, ਸੈਕਟਰ-30ਏ ਚੰਡੀਗੜ੍ਹ, ਮਕਾਨ ਨੰ-1005, ਸੈਕਟਰ-71, ਮੋਹਾਲੀ। | | | |
| 23. | ਸ਼੍ਰੀ ਰੋਹੀ ਰਾਮ | 100/- | ਆਈ-184 | 14-01-2019 |
| | ਮਕਾਨ ਨੰ-5702, ਸੈਕਟਰ-38ਵੈਸਟ, ਚੰਡੀਗੜ੍ਹ। | | | |
| 24. | ਗੁਪਤ ਦਾਨ | 100/- | ਆਈ-185 | 14-01-2019 |
| 25. | ਸ. ਸੁਰਿੰਦਰ ਸਿੰਘ ਚੰਡੀਗੜ੍ਹ | 200/- | ਆਈ-186 | 14-01-2019 |
| 26. | ਸ. ਸੁਰਿੰਦਰਪਾਲ ਸਿੰਘ, | 500/- | ਆਈ-187 | 14-01-2019 |
| | ਪੁੱਤਰ ਸਵਰਗਵਾਸੀ ਸ. ਅਮਰੀਕ ਸਿੰਘ ਮੁਲਤਾਨੀ ਸਾਬਕਾ ਜਨਰਲ ਸਕੱਤਰ,<br>ਮਕਾਨ ਨੰ-2102, ਫੇਸ-10, ਮੋਹਾਲੀ। | | | |
| | ਭਵਨ ਵਿਖੇ ਸੋਲਰ ਸਿਸਟਮ ਲਗਵਾਉਣ ਲਈ ਦਾਨ ਦੇਣ ਵਾਲੇ ਦਾਨੀ ਸੱਜਣ | | | |
| 27. | ਸ. ਐਨ.ਪੀ. ਸਿੰਘ | 2500/- | ਆਈ-189 | 14-01-2019 |
| | ਮਕਾਨ ਨੰ-2249, ਸਟਾਰ ਇਨੰਕਲੇਵ, ਸੈਕਟਰ-48-ਸੀ, ਚੰਡੀਗੜ੍ਹ। | | | |

# Career After +2



ਇੰਜੀਨੀਅਰ ਪਰਮਿੰਦਰਜੀਤ ਸਿੰਘ/ 99153-57524

# ANTHROPOLOGY

Anthoropology is the study of man. It deals with evolution of man, history of origin and development, Linguistics, ways of life etc.

Different branches of anthoropology help in the study of man's behaviour in different ways. The anthropologists in the field of Applied Anthoropology help the Government Agencies in solving problems of different sections of society. The problems can be agricultural, Industrial, medical or even related to welfare of people in any part of the country or country as a whole, Archaeological Anthropologists make a chronological studyof history of mankind based on non-literary grounds such as dug up material objects and skeletion parts.

- Three- Year Degree courses (B.Sc) in Anthoropology for pass in 10+2/PUC/Inter with Science or equivalent are offered by the following Universities:

* Gauhati University, Po Gopinath Bardoll Nagar, Guwahti-781014, Assam

* Kurukshetra University, Kurukshetra 132119- Haryana

* Utkal University, Po Vahi Vihar, Bhubaneswar- 751004, Orissa

* University of Delhi, Delhi-110007

* Sambalpur University, Jyoti Vihar, Buria-768017, Sambalpur, Orissa

* Berhampur University, Bhanja Bihar, Berhampur-760007, Dist. Ganjam, Orissa

* BSC Honours School, Panjab University,Chandigarh-160012

* Sri Venkateshwara University, Tirupati-517502, Chittor Distt. Andhra Pradesh B.Sc. (Authro Phy.)

* Dibrugarh University, Po Dibrugarh, Dibrugarh-786004, Assam

*Nagaland University, Kohima

* North Eastern Hill University, Nehu Po. Shillong 793022

* Guwahati University, Gopinath Bordoll Nagar, Guwahati-781014

* Manipur University, Candhipur, Imphal-795003, Manipur

* University of Cacutta, 87 College Street, KolKata-700073

* Berhampur University, Bhania Bihar Berhampur-760007, Distt Ganjam, Orissa

* Sambalpur University, Jyoti Vihar,

Burla-768017, Sambalpur Orissa

* Utkal University, Jyoti Vihar, Bhubaneswar- 751004

* Vidya Sagar University, Po Dist., Nadinapore-721102 West Bengal

* Hemwati Nandan Bahuguna Garhwal University, Srinagar 246174, Garwal Distt. Uttarkhand

* University of Delhi, Delhi-110007

*Kurukshetra University, Kurukshetra-132119, Haryana

* Sri Venkateshwara University, Tirupati 517502, Dhittor Distt. Andhra Pradesh

* Karnataka University, Pavate Nagar, Dharwad-580003 Karnataka

for course and admission details contact the concerend University

Note : Also refer to Section-1. Home Science (for Colleges offering Home Management Degree Courses) 2. Nutrition and Food Technology.

"Asiaticar"# 108 Ambikapuri Extention,

Ariport Road, Indore-452005 India,

T-0731-4044650/6452650, F-91-731-4044650

www.aeroasia.co.in; e-mail asiatic@asia.com

for details contact the concerned flying club.

**AIR HOSTESS/FLIGHT STEWARD**

Training for this exciting and challenging career is imparted by some institutes, Minimum qualification required is pass in 10+2 and minimum height 5.2" for female candidates and 5.7" for male candidates. The candidates should be between 18 to 30 Years of age in most cases. However, the age limitatons may vary.

Some Institutes offering the training are:

Air Hostess Academy (i) Ist and 2nd Floor, 48 Ring Road, Lajpat Nagar III, New Delhi- 110024, Ph.: 011-26932771/75. (ii) 89. Mall Road, Kingsway Camp, Delhi-110009, Ph.:011-27254171/81. (iii) C-49, Preet Vihar, Vikas Marg, Delhi-110092, Ph.:011-22058591/93, 22058101/3. (iv) 189, Satya Niketan, Ring Road, Delhi, Ph.: 011-26879510, (v) 485-486, 2nd Floor, Sector 15-C, Chandigarh, Ph.: 0172-2871263/64.

Branches also at Dehradun And Jaipur.

* Shilon Institute of Hospitality Management, 108, Malcha Marg. Diplomatic Enclave, New Delhi-110021

* Fiyers Inc., 33 Jangpura Road, New Delhi-110014

*Institute of Hotel Management, Catering Technology & Applied Nutrition Hm & C House, 11 RA Lines, The Mall, Meerut Cantt.-250001.

* Air Hostess Training Academy, P-33, South Extension-II, New Delhi-110049

* Intitute of Marine, Race Course, Dehradun-248001: Email: imac-ddn@rediffmail.com

* Indian institute of Engineering and Technology, L-487, Shastri Nagar, Meerut.

# Let us know!

**FIRST IN THE WORLD**

| | |
|---|---|
| First Radio Telescope Satellite launched into space | HALCA (Japan) |
| First Country to use Glass | Egypt and Mesopotamia |
| First Country to make Map | Mesopotamia (Greece) |
| First Spaceship landed on Mars | Viking-I (July 19760 |
| World's First Multipurpose River Valley Project | Tennessee River Valley Project |
| First Space Shuttle Launched | Columbia (April 1981) |
| First Rocket to go near the sun | Helius 'B' |
| First Country to make Constitution | America |
| First Country to Start Underground Metro Rail | Britania |
| First Unmanned mission on the Moon | LUNA-9 |
| First Spacecraft to carry man on the Moon | Apollo-11 |
| First Country to do Artificial Satellite Experiment | Russia |
| Countru to give Voting Right to Women | New zealand |
| First Country to appoint Lokpal | Sweden |
| First Country to imposed Carbon Tax | New Zealand |

**FIRST IN THE WORLD (MALE) JAN-19**


| | |
|---|---|
| First Asian to Head the international Cricket Council | Jagmohan Dalmiya |
| First Man to Climb Mount Everest | Sherpa Tenzing Norgay and Sir Edmund Hillary |
| First Man to go into space | Major yuri Gagarin |
| First Man to walk into space | Alexel leonov (Russia) |
| First Person to give information about Planets and their motion around the Sun. | Nicolous Copernicus |
| First Man to Encyclopaedia | Aspheosis (Athens) |
| First Person to go on both the Poles (North and South) Ranulph Fiennes | |
| First Man to Reach North Pole | Robert Peary |
| First Man to Reach South Pole | Roald Amundsen\ |
| First Man to Climb on Mt Everest Without Oxygen | Phu Dorji Sherpa |

**FIRST IN THE WORLD (FEMALE) JAN-19**

| | |
|---|---|
| First Woman President of a Country | Maria Estela Peron (Argentina) |
| First Woman in the world to cross the Strait to Gibralter | Arti Pradhan (india) |
| First Woman Cosmonaut in Space | Valentina Tereshkova (USSR) |
| First Woman Prime Minister | Sirimayo Bandaranaike (Shri Lanka) |
| First Woman to cross the seven seas | Bula Choudhary |
| First Non-White Femanle to win Nobel Prize in Literature | Toni Morrison |
| First Woman to Reach Antarctica | Carolinne Mikkeisen |
| First Woman to have a Space-Walk | Svetlana Yeygenyevna Savitskaya |



# MATRIMONIAL



Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

Looking for a match for smart Lobana Sikh 26 years, fair, 183 cm, PG, permanent commissioned officer. The girl should be aged around 23 years, tall, beautiful, convent educated, fair and slim with clear complexion from educated family. The boy is clean shaven but supports turban during social engagements. Younger brother is also a commissioned officer. Father is serving officer in IAF while mother is home maker. Urban property in Chandigarh and Gurgaon.

Cont-WhatsApp:07042458041 or email: nikkymaniani@gmail.com.

* * * * *

Suitable match for Manglik Sharma girl born on May 7, 1990, Height – 5’4”, Gotar :-Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

LUBANA SIKH FAMILY SEEKING A SUITABLE MATCH FOR THIER SON 28 , 5’11” HANDSOME,WELL SETTLED PERMANENT RESIDENT IN CANADA. GIRL SHOULD BE PROFESSIONALLY

QUALIFIED WITH GOOD HEIGHT MATCH. 9872199909 FATHER NO.

* * * * *

Suitable match for Surinderpal Singh, Dob-04-10-1990/5'6", Education- B.B.A, Job-in Spain also settled in Spain. Father- Ex Sarpanch. Girl of Spain will be preferred.

Contact no-94650-32765, 94178-62315

* * * * *

Suitable match forLobana handsome boy Dob-18-01-1990, height- 6 feet M.Com 1st division, college last attend Govt. college sector-2, Panchkula, Job- Astt. Manager at nationalized bank Indian Bank, Date of joining in bank June 2013, father retired form Union Bank of India as Senior Manager, sister married serving in SBI, Asset- Own flat in sec-20 Panchkula, Priority girl from tricity.

Contact no-80546-10033, 99880-48072

* * * * *

Suitable match for handsome lobana sikh boy Dob-31-03-1990/5'7", education- M.C.A from Delhi University. Teacher in Army Public School Jalandhar Cantt. Annual package R.3-6 Lacs. Father retired from Delhi police. Now settled in Jalandhar permanently.

Contact no-88268-18449, 81460-75553

* * * * *

Suitable qualified match for Lubana Sikh Turbaned boy, 6' Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad.

Contact 9872157495, 6284767292

* * * * *

Suitable match for Harpreet Singh, D.O.B- 01-03-1992/5'10", Complexion-Fair Education-B.Tech in Mechanical Engineering (from

M.M. University Mullana), Graduate Marine Engineer, Occupation-Merchant Navy as 3/E from 2013, brother settled in abroad, Father-Retired from Army as Subedar, Mother- House maker.

Cont. no-99881-60038

* * * * *

Suitable match for tall/handsome clean shaved boy, permanent resident of Canada and working as marketing executive in a communication company, looking for a tall, beautiful and professionally qualified girl willing to settle in Canada. Father servicing as Army officer and mother is a business woman. Only sister is a doctor working in a reputed hospital in tricity. Caste no bar.

Cont no-99155-65429, 94680-40146

* * * * *

Suitable match for lobana sikh boy D.O.B-Sep-1991/5'11", Job in Merchant Navy Officer, Father registered officer, required well educated girl. Girl should be teacher or in Banking line. Cont-98765-86130

* * * * *

PROFESSIONALLY QUALIFIED GIRL REQUIRED FOR LUBANA SIKH BOY BORN'APRIL,1991 5.11ft, BE,MBA (FIN), MNC ASSTT MANAGER, EARLY AND SIMPLE MARRIAGE.

CONTACT - 09417145424,8360907886.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# CELEBRATE LOHRI FUNCTION







ਸ. ਲਖਵਿੰਦਰ ਸਿੰਘ ਘੋਤੜਾ ਮਕਾਨ ਨੰ-244/1, ਸੈਕਟਰ-55, ਚੰਡੀਗੜ੍ਹ ਦੀ ਸਪੁੱਤਰੀ ਕੋਮਲਪ੍ਰੀਤ ਕੌਰ ਦਾ ਸ਼ੁਭ ਅਨੰਦ ਕਾਰਜ ਸ. ਗੁਰਸਿਮਰਨਜੀਤ ਸਿੰਘ ਪੁੱਤਰ ਸ. ਸੁਰਿੰਦਰ ਸਿੰਘ ਪਿੰਡ ਤਲਵੰਡੀ ਸੱਲ੍ਹਾਂ, ਜ਼ਿਲ੍ਹਾ-ਹੁਸ਼ਿਆਰਪੁਰ ਨਾਲ ਮਿਤੀ 06-01-2019 ਨੂੰ ਹੋਇਆ। ਇਹਨਾਂ ਦੇ ਸੁਚੱਜੇ ਜੀਵਨ ਦੀ ਕਾਮਨਾ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਲੱਖ-ਲੱਖ ਵਧਾਈਆਂ ਦਿੰਦੀ ਹੈ।

Regd No. 32212/78 Postal No.-- G/CHD/0111/2018-2020

# Executive Committee Meeting held on 07-01-2019





